ਹਿਤ ਸਰੋਤ

ਫਰਵਰੀ 2005

ਚਾਹੇ ਸੂਰਜ ਆਪਣੀ ਰੋਸ਼ਨੀ ਦੇਣਾ ਛੱਡ ਦੇਵੇ, ਅਤੇ ਇਹ ਧਰਤੀ ਅਸਾਡੇ ਪੈਰਾਂ ਥੱਲਿਓ

ਨਿਕਲ ਕੇ ਚਕਨਾ ਚੂਰ ਹੋ ਜਾਵੇ, ਐਪਰ ਮੈਂ ਸਤਿ ਦੇ ਕਿਸੇ ਅੰਗ ਨੂੰ ਕੁਚਲ

ਨਹੀਂ ਸਕਦਾ, ਅਤੇ ਹਿੱਤ ਦੀ ਕਿਸੇ ਰਾਹ

ਤੋਂ ਵਿਚਲਤ ਨਹੀਂ ਹੋ ਸਕਦਾ।

— ਦੇਵ ਆਤਮਾ

ਮੇਰੀ ਮਾਤਾ

ਮੇਰੀ ਮਾਤਾ ਜਨਮ ਦਾਤਾ, ਤੁਮਹੀ ਸੇ ਹੈ ਜ਼ਿੰਦਗੀ ਮੇਰੀ,
ਤੁਮੀਂ ਰਖਸ਼ਕ ਸਦਾ ਮੇਰੀ, ਤੁਮੀਂ ਪੁਸ਼ਤੋਂ ਪਨਾਹ ਮੇਰੀ।

ਤੇਰਾ ਉਲਫਤ ਭਰਾ ਦਿਲ ਜੋ ਨ ਹੋਤਾ ਪਾਸਬਾਂ ਮੇਰਾ,
ਤੋ ਬੇਹੋਸ਼ੀ ਮੇਂ ਨਾ ਜਾਨੇ ਕਿਆ ਹੂਈ ਹੋਤੀ ਦਸ਼ਾ ਮੇਰੀ।

ਕੜਾਕੇਦਾਰ ਜਾੜੋਂ ਮੇਂ ਜਬ ਮੈਂ ਰਾਤ ਕੋ ਉਠਤਾ ,
ਕਿਸੇ ਬੇਦਾਰ ਕਰਤੀ ਥੀ, ਸਿਵਾ ਤੇਰੇ ਸਦਾ ਮੇਰੀ।

ਅੰਧੇਰੀ ਰਾਤ ਤੂਫਾਨ ਮੇਂ, ਕਲੇਜੇ ਸੇ ਲਗਾ ਲੇਤੀ,
ਮੁਬਾਦਾ ਖੌਫ ਦਹਸ਼ਤ ਸੇ, ਹੋ ਜਾਂ ਨੰਨ੍ਹੀਂ ਹਵਾ ਮੇਰੀ।

ਜ਼ਬਾਨੇ ਬੇਜ਼ਬਾਨੀ ਮੇਂ ਮੈਂ ਜੋ ਬਾਤ ਕਰਤਾ ਥਾ,
ਕੋਈ ਸਮਝੇ ਨਾ ਮਤਲਬ ਤੂੰ ਸਮਝਤੀ ਥੀ ਬਾਤ ਕਾ ਮੇਰੀ।

ਹੂਆ ਬੀਮਾਰ ਮੈਂ ਔਰ ਰਾਤ ਦਿਨ ਤੜਪਾ ਕਿਆ ਤੂਨੇ,
ਮੁਸੀਬਤ ਤੁਮ ਪੇ ਹੋਤੀ ਥੀ, ਮੁਸੀਬਤ ਸੇ ਸਵਾ ਮੇਰੀ।

ਅਜਬ ਤਾਸੀਰ ਹਾਥੋਂ ਮੇਂ ਹੈ, ਰੰਜੋ ਗਮ ਭੁਲਾਨੇ ਕੀ,
ਨਜ਼ਰ ਉਲਫਤ ਭਰੀ ਤੇਰੀ, ਹੈ ਦੁਖ ਕੀ ਦਵਾ ਮੇਰੀ।

ਮੇਰੇ ਦੁਖ ਕੇ ਤੇਰੇ ਦਿਲ ਮੇਂ ਖਟਕਨੇ ਸੇ ਇਹ ਸਾਬਿਤ ਹੈ,
ਬਣਾ ਰਖੀ ਹੈ ਤੂਨੇ ਆਪਣੇ ਦਿਲ ਮੇਂ ਇੱਕ ਜਗਾਹ ਮੇਰੀ।

ਕੋਈ ਸਾਥੀ ਰਫੀਕ ਏਸਾ ਨਹੀਂ, ਜੈਸੀ ਕਿ ਤੂੰ ਮਾਤਾ,
ਉਹ ਸਾਥੀ ਐਸ਼ ਕੇ ਔਰ ਤੂੰ ਸ਼ਰੀਕੇ ਹਰ ਬਲਾ ਮੇਰੀ।

ਦੀਆ ਉਪਕਾਰ ਕਾ ਬਦਲਾ ਤੁਝੇ ਉਲਟਾ ਸਤਾਇਆ ਹੈ,
ਮੁਝੇ ਅਬ ਯਾਦ ਆਤੀ ਹੈ, ਵਫਾ ਤੇਰੀ ਜਫਾ ਮੇਰੀ।

ਕਭੀ ਸ਼ਿਕਵਾ ਨ ਇਸ ਪਰ ਭੀ, ਜੁਬਾਂ ਸੇ ਤੇਰੀ ਸੁਨ ਪਾਇਆ,
ਤੁਝੇ ਦੇਖਾ ਤੋ ਬਸ ਕਰਤੇ ਹੂਏ ਸਿਫਤੋ ਸਨਾ ਮੇਰੀ।

ਰਹਾ ਗਫਲਤ ਮੇਂ ਗੋ ਬਰਸੋਂ, 'ਅਲਮ' ਦਿਲ ਮੇਂ ਸਮਾਇਆ ਹੈ,
ਮੈਂ ਅਬ ਤੁਮ੍ਹਾਰਾ ਬਨ ਜਾਊਂ, ਰਹੀ ਹੈ ਤੂੰ ਸਦਾ ਮੇਰੀ।

ਹਿਤ ਸਰੋਤ

ਖੰਡ-18 ਫਰਵਰੀ 2005 **ਸੰਪਾਦਕ :**

ਅੰਕ -2 ਸਲਾਨਾ ਚੰਦਾ 50 ਰੁਪਈਏ **ਬਲਦੇਵ ਸਿੰਘ**

ਸੁਕੜਨ ਤੋਂ ਬੱਚੋ

ਪੁਰਾਣੀ ਗਲ ਹੈ ਕਿ ਲਾਹੌਰ ਵਿਖੇ ਮਹੌਤਸਵ ਹੋ ਰਿਹਾ ਸੀ। ਧਨ ਜਨ ਦੀ ਅਪੀਲ ਹੋ ਰਹੀ ਸੀ। ਸਭਾ ਵਿੱਚ ਦੀਵਾਨ ਸਾਹਿਬ ਹਾਸਾ ਮਲ ਜੀ ਵੀ ਬੈਠੇ ਸਨ। ਜੋ ਸਨ 1912-14 ਵਿੱਚ ਵੀ ਲਖਾਂ ਪਤੀ ਸਨ। ਧਨ ਲਈ ਅਪੀਲ ਸੁਣ ਕੇ ਉਨ੍ਹਾਂ ਦੇ ਮਨ ਵਿਖੇ ਸੰਕਲਪ ਉਠਿਆ ਕਿ ਮੈਂ ਦੋ ਹਜਾਰ ਰੁਪਏ ਦਾਨ ਕਰ ਦਿੰਦਾ ਹਾਂ। ਉਹ ਬੈਠੇ ਲੋਕਾਂ ਦਾ ਦਾਨ ਸੁਣਦੇ ਰਹੇ। ਉਨ੍ਹਾਂ ਵੇਖਿਆ ਕਿ ਅਜੇ ਕਿਸੇ ਇਕ ਹਜਾਰ ਰੁਪਈਆ ਵੀ ਦਾਨ ਨਹੀਂ ਕੀਤਾ, ਇਸ ਲਈ ਉਨ੍ਹਾਂ ਸੋਚਿਆ ਕਿ ਇਕ ਹਜ਼ਾਰ ਹੀ ਦਾਨ ਕਰ ਦੇਣਾ ਕਾਫੀ ਹੈ। ਦਾਨ ਦੀਆਂ ਵਡੀਆਂ ਰਕਮਾਂ ਕੋਈ ਨਹੀਂ ਸਨ। ਉਨ੍ਹਾਂ ਫੇਰ ਸੋਚਿਆ ਕਿ 500 ਰੁਪਏ ਦਾਨ ਵੀ ਕਾਫੀ ਹੈ। ਸੋਚਦੇ ਸੋਚਦੇ ਉਹ ਢਾਈ ਸੌ ਰੁਪਏ ਦਾਨ ਦੇਣ ਤੇ ਆ ਗਏ ਤੇ ਖੱਲੋ ਕੇ ਕਹਿਣ ਲੱਗੇ "ਹਾਸੂ ਬੇਈਮਾਨ ਹੋ ਗਿਆ" ਮੈਂ ਢਾਈ ਸੌ ਰੁਪਏ ਦਾਨ ਕਰਦਾ ਹਾਂ, ਮਤੇ ਮੈਂ ਘੱਟਦਾ ਘੱਟਦਾ ਹੋਰ ਵੀ ਨ ਘੱਟ ਜਾਵਾਂ, ਜਾਂ ਦਾਨ ਦੇਣ ਤੋਂ ਮੁਨਕਰ ਹੀ ਨ ਹੋ ਜਾਵਾਂ। ਏਨਾ ਤਾਂ ਮੈਥੋਂ ਲੈ ਹੀ ਲਵੋ।

ਇਹ ਘੱਟਨਾ ਦਸਦੀ ਹੈ ਕਿ ਕਿਵੇਂ ਸਾਡੇ ਭਾਵ ਨੀਚ ਸੁਖ ਦੀ ਖਿਚ ਕਾਰਣ ਘੱਟਦੇ ਜਾਂਦੇ ਹਨ ਤੇ ਫੇਰ ਅਸੀਂ ਘੱਟ ਭਲਾ ਕਰਕੇ ਹੀ ਸੰਤੁਸ਼ਟ ਹੋ ਜਾਂਦੇ ਹਾਂ। ਨੀਚ ਸੁਖ ਦੀ ਖਿੱਚ ਸਾਡੇ ਚੰਗੇ ਭਾਵਾਂ ਦਾ ਗਲ ਆ ਘੁਟਦੀ ਹੈ।

ਅਸੀਂ ਸਭ ਸੁਖ ਅਨੁਰਾਗੀ ਹਾਂ। ਅਸੀਂ ਨੀਚ ਸੁਖ ਵੱਲ ਹੀ ਵਹਿਣਾ ਹੁੰਦਾ ਹੈ। ਸੁਖਾਂ ਦਾ ਇਸ਼ਕ ਸਾਨੂੰ ਆਪਣੀ ਕਾਨਾਫੂਸੀ ਕਰਕੇ ਘੱਟ ਭਲੇ ਲਈ, ਜਾਂ ਨੀਚ ਸੁਖ ਲਈ ਜੋਰ ਨਾਲ ਪ੍ਰੇਰਦਾ ਹੈ। ਅਸੀਂ ਇਸ ਨਾਲ ਬਹਿਕ ਜਾਂਦੇ ਹਾਂ, ਤੇ ਆਪਣੀ ਹਾਨੀ ਵਲ ਤੁਰ ਪੈਂਦੇ ਹਾਂ।

ਮੈਨੂੰ ਯਾਦ ਹੈ ਕਿ ਬਚਪਣ ਵਿੱਚ ਵਿਕਾਸ ਆਲੇ ਵਿੱਚ ਸਭਾਵਾਂ ਹੁੰਦੀਆਂ ਸਨ। ਉੱਚ ਲੋਕ ਵਾਸੀ ਸ੍ਰੀਮਾਨ ਮੇਵਾ ਸਿੰਘ ਜੀ ਜੱਦ ਸਾਡੀ ਸਭਾ ਕਰਾਉਂਦੇ, ਤਾਂ ਸਾਨੂੰ ਪਤਾ ਲੱਗ ਜਾਂਦਾ ਕਿ ਹੁਣ ਇਹ ਸਭਾ ਇਸ ਤਰ੍ਹਾਂ ਕਰਾਉਣਗੇ। ਫੇਰ ਇਹ ਦੱਸਣਗੇ, ਫੇਰ ਇਹ ਘੱਟਨਾ ਸੁਨਾਉਣਗੇ। ਸਾਰੀ ਸਭਾ ਇਸ ਪ੍ਰਕਾਰ ਹੋਵੇਗੀ। ਜਿਸ ਤਰ੍ਹਾਂ ਪਹਿਲਾ ਵੀ ਕਈ ਵੇਰ ਸੁਣੀ ਹੈ। ਫੇਰ ਸੁਖ ਅਨੁਰਾਗ ਅੰਦਰੋਂ ਧੁਰਲੀ ਮਾਰਦਾ, ਕਿ ਸਭਾ ਦਾ ਤਾਂ ਪਤਾ ਹੀ ਹੈ, ਪਹਿਲਾਂ ਵੀ ਸੁਣੀ ਹੈ, ਚਲੋ ਬਾਹਿਰ ਜਾਂ ਕੇ ਜਰਾ ਲਤਾ ਗੋਡੇ ਸਿਧੇ ਕਰ ਆਈਏ। ਰਤਾ ਬਾਹਿਰ ਤੁਰ ਫਿਰ ਅਈਏ। 10-20 ਮਿੰਟਾਂ ਨੂੰ ਫੇਰ ਆ ਕੇ ਬੈਠ ਜਾਵਾਂਗੇ। ਨੀਚ ਮਨ ਦੀ ਗਲ ਸੁਣ ਕੇ, ਫੇਰ ਮਨ ਵਿੱਚ ਬੈਠੇ ਬੈਠੇ ਸਵਾਲ ਉਠਦਾ ਕਿ ਬਾਹਰ ਕੋਈ ਖਾਸ ਕਮ ਰੁਕਿਆ ਪਿਆ ਹੈ? ਜਾਂ ਕੋਈ ਖੀਰ, ਹਲਵਾ ਉਡੀਕ ਰਿਹਾ ਹੈ? ਚੁੱਪ ਕਰ, ਸ਼ੈਤਾਨੀ ਮਨ ਦੀ ਨ ਸੁਣ, ਚੁੱਪ ਕਰ ਕੇ ਬੈਠ, ਏਥੇ ਕੀ ਕੋਈ ਹਾਨੀ ਹੋ ਰਹੀ ਹੈ? ਮੈਂ ਆਪਣੇ ਮਨ ਨੂੰ ਧਕਾਰਦਾ ਤੇ ਕਦੀ ਵੀ ਸਭਾ ਚੋਂ ਨ ਉਠਦਾ। ਅੱਧੀ ਸਭਾ ਤੋਂ ਪਿੱਛੋਂ ਸਭਾ ਤੋਂ ਰਸ ਆਉਣ ਲੱਗਦਾ। ਰੋਸ਼ਨੀ ਮਿਲਨ ਲਗਦੀ, ਆਪਣੀ ਨੀਚਤਾ ਵਖਾਈ ਦੇਣ ਲਗਦੀ, ਉਸ ਚੋਂ ਨਿਕਲਣ ਦੀਆਂ ਪ੍ਰੇਰਨਾਵਾਂ ਪੈਦਾ ਹੁੰਦੀਆਂ। ਮਨ ਤੇ ਅੱਖਾਂ ਪੂਰੇ ਭਿੱਜ ਜਾਂਦੇ, ਤਰ ਬਤਰ ਹੋ ਜਾਂਦੇ।

ਹਿਰਦਾ ਪਾਕ ਖੁਸ਼ੀ ਨਾਲ ਝੂੰਮ ਉਠਦਾ। ਬਹੁਤ ਰਸ ਮਿਲਦਾ, ਬਹੁਤ ਸਭਾ ਤੋਂ ਲਾਭ ਹੋਇਆ ਮਹਿਸੂਸ ਹੁੰਦਾ, ਤੇ ਮੈਂ ਬੜੀ ਖੈਰ ਮਨਾਉਂਦਾ ਕਿ ਜਿਵੇਂ ਜੀ ਕਰਦਾ ਸੀ, ਸਭਾ ਚੋਂ ਉਠ ਕੇ ਬਾਹਰ ਨਹੀਂ ਗਿਆ, ਨਹੀਂ ਤਾਂ ਸਭਾ ਤੋਂ ਏਨਾ ਲਾਭ ਬਿਲਕੁਲ ਨਹੀਂ ਹੋਣਾ ਸੀ। ਬੜਾ ਹੀ ਚੰਗਾ ਹੋਇਆ, ਜੋ ਮਨ ਮਾਰ ਕੇ ਬੈਠਾ ਰਿਹਾ।

ਪਿਛਲੇ ਮਹੋਤਸਵ ਦੇ ਅਵਸਰ ਤੇ ਮੈਨੂੰ ਇਹ ਵਿਚਾਰ ਆਉਂਦੇ ਰਹੇ ਤੇ ਮੈਂ ਲੋਕਾਂ ਨੂੰ ਆਪਣੇ ਨੀਚ ਮਨ ਦੀ ਸੁਣਕੇ ਜਾਂਦੇ ਵੇਖਦਾ ਵੀ ਰਿਹਾ, ਅਤੇ ਕੁੱਝ ਜਨਾਂ ਨੂੰ ਆਪਣੇ ਨੀਚ ਮਨ ਦੀ ਨ ਸੁਣਕੇ ਟਿੱਕ ਕੇ ਬੈਠੇ, ਤੇ ਆਖੀਰ ਭਾਵ ਪ੍ਰਕਾਸ਼ ਦੀ ਸਭਾ ਵਿੱਚ ਵੀ ਬੈਠੇ ਦੇਖਦਾ ਰਿਹਾ।

ਕੁਝ ਵਿਸ਼ੇਸ਼ ਦਿਨ ਤੋਂ ਪਹਿਲੀ ਰਾਤ ਆਏ ਅਤੇ ਵਿਸ਼ੇਸ਼ ਦਿਨ ਤੋਂ ਅਗਲੀ ਸਵੇਰ 7-8 ਵਜੇ ਚਲੇ ਗਏ। ਮਹੋਤਸਵ 1 ਵਜੇ ਸਮਾਪਤ ਹੋ ਗਿਆ। ਉਹ 4-5 ਘੰਟੇ ਹੋਰ ਨਾ ਰੁਕ ਸਕੇ। ਸੇਵਕ ਬਣਨ ਅਤੇ ਭਾਵ ਪ੍ਰਕਾਸ਼ ਦੀ ਸਭਾ ਨੂੰ ਸਾਧਾਰਣ ਸਮਝ ਕੇ, ਆਪਣੇ ਮਨ ਦੀ ਸੁਣ ਕੇ ਚਲੇ ਗਏ। ਕੋਈ ਵਿਸ਼ੇਸ਼ ਦਿਨ ਨੂੰ ਰਾਤ ਦੀ ਗੱਡੀ ਹੀ ਰਵਾਨਾ ਹੋ ਗਏ, ਉਨ੍ਹਾਂ ਆਪਣੇ ਮਨ ਦੀ ਸੁਣ ਕੇ ਇਕ ਪੂਰਾ ਦਿਨ ਬਚਾ ਲਿਆ, ਐਪਰ ਇਸ ਗਲ ਤੋਂ ਅਨਜਾਣ ਰਹੇ ਕਿ ਕੀ ਗਵਾ ਲਿਆ? ਕਈ ਪੱਕੇ ਵਾਅਦੇ ਕਰਕੇ ਵੀ ਨਹੀਂ ਆਏ।

ਕੁਝ ਜਨ੍ਹਾਂ ਨੂੰ ਨ ਜਾਣ ਦੀ ਪ੍ਰੇਰਨਾ ਵੀ ਕੀਤੀ ਗਈ। ਉਹ ਪ੍ਰੇਰਕ ਜਨਾਂ ਨੂੰ ਆਪਣਾ ਵੱਡਾ ਵੀ ਕਹਿੰਦੇ ਹਨ ਤੇ ਮੰਨਦੇ ਹਨ, ਆਪਣਾ ਉਪਕਾਰੀ ਤੇ ਹਿੱਤਕਾਰੀ ਵੀ ਦਸਦੇ ਹਨ, ਪਰ ਉਨ੍ਹਾਂ ਆਪਣੇ ਵੱਡਿਆਂ ਦੀ, ਆਪਣੇ ਹਿੱਤਕਾਰੀਆਂ ਦੀ ਇੱਕ ਨ ਸੁਣੀ, ਉਨ੍ਹਾਂ ਦੀ ਗਲ ਤੇ ਲੱਤ ਮਾਰ ਕੇ ਤੇ ਆਪਣੇ ਸੁੱਖ ਦੀ ਕਾਨਾ ਫੂਸੀ ਹੀ ਸੁਣੀ ਤੇ ਉਨ੍ਹਾਂ ਨੂੰ ਮਹੋਤਸਵ ਵਿਚਕਾਰੇ ਛੱਡ ਕੇ ਜਾਣ ਨਾਲ ਹੀ ਖੁਸ਼ੀ ਤੇ ਤ੍ਰਿਪਤੀ ਪ੍ਰਾਪਤ ਹੋਈ। ਕਦੀ ਕੋਈ ਘਾਟ ਜਾਂ ਪਛਤਾਵਾ ਮਹਿਸੂਸ ਨ ਹੋਇਆ।

ਮਹੋਤਸਵ ਉੱਤੇ ਦੋ ਨਜ਼ਾਰੇ ਵੱਖ ਵੱਖ ਵੇਖਣ ਨੂੰ ਮਿਲੇ। ਕੁਝ ਜਨ, ਜਾਂ ਪਰਿਵਾਰ ਪਹਿਲੋਂ, ਲੇਟ ਆਉਂਦੇ ਹੁੰਦੇ ਸਨ, ਤੇ ਪਹਿਲਾਂ ਛੇਤੀ ਪਰਤ ਜਾਂਦੇ ਸਨ। ਕੋਈ ਵੇਰ ਤਾਂ ਇਕ ਜਨ ਹੀ ਮੂੰਹ ਵਖਾਉਂਦੇ ਸਨ। ਉਹ ਸਾਰਾ ਪਰਿਵਾਰ ਵੀ ਨਹੀਂ ਆਉਂਦੇ ਸਨ। ਜਿਨਾਂ ਸਭਾਵਾਂ ਵਿੱਚ ਵੀ ਆਉਂਦੇ ਉਨ੍ਹਾਂ ਵਿੱਚ ਵੀ ਲੇਟ ਹੋ ਜਾਂਦੇ ਸਨ। ਉਨ੍ਹਾਂ ਨੂੰ ਇਸ ਵੇਰ ਆਰੰਭ ਵਿੱਚ ਹੀ ਆਏ ਵੇਖਿਆ, ਤੇ ਭਾਵ ਪ੍ਰਕਾਸ਼ ਦੀ ਸਭਾ ਵਿੱਚ ਅਖੀਰ ਤਕ ਪੂਰੇ ਪਰਿਵਾਰ ਸਮੇਤ ਬੈਠਿਆਂ ਵੇਖਿਆ ਪਰਿਵਾਰ ਦੇ ਵੱਡਿਆਂ ਨੇ ਚੰਗੇ ਭਾਵ ਪ੍ਰਕਾਸ਼ ਵੀ ਕੀਤੇ, ਅਤੇ ਅੱਗੇ ਤੋਂ ਹੋਰ ਸਚੇਤ ਹੋਣ ਦਾ ਅਤੇ ਹੋਰ ਸਬੰਧੀਆਂ ਨੂੰ ਨਾਲ ਲੈ ਕੇ ਆਉਣ ਦਾ ਤੇ ਮਹੋਤਸਵ ਸਥਾਣ ਤੋਂ ਪਰ੍ਹਾਂ ਨ ਠਹਿਰਣ ਦੇ ਪਰਨ ਕੀਤੇ। ਉਨ੍ਹਾਂ ਦੇ ਮਨ ਖੁਸ਼ੀ ਤੇ ਉਤਸਾਹ ਨਾਲ ਭਰੇ ਹੋਏ ਸਨ। ਗੁਰੂ ਦੀ ਤੇ ਉਨ੍ਹਾ ਦੇ ਦਰ ਦੀ ਲੋੜ ਮਹਿਸੂਸ ਹੋ ਰਹੀ ਸੀ। ਇਸ ਦਰ ਨਾਲ ਜੁੜਨਾ ਤੇ ਜੁੜੇ ਰਹਿਣਾ ਆਪਣਾ ਮਹਾਂ ਸੁਭਾਗ ਬੋਧ ਕਰ ਰਹੇ ਸਨ, ਅਤੇ ਇਸ ਨੂੰ ਕਿਸੇ ਕੀਮਤ ਠੰਡਾ ਸਬੰਧ ਹੋਣ ਦੇਣਾ ਨਹੀਂ ਚਾਹੁੰਦੇ ਸਨ। ਉਨ੍ਹਾਂ ਮਿਸ਼ਨ ਲਈ ਹੋਰ ਸੇਵਾਕਾਰੀ ਹੋਣ ਦੇ ਪਰਨ ਵੀ ਕੀਤੇ।

ਦੂਜਾ ਨਜਾਰਾ ਹੋਰ ਵੇਖਿਆ, ਉਹ ਇਹ ਕਿ ਜੋ ਜਨ ਪਹਿਲੋਂ ਆਪਣੇ ਪਰਿਵਾਰ ਨੂੰ ਜਾਂ ਹੋਰ ਕਈ ਸਾਥੀਆਂ ਨੂੰ ਤਿਆਰ ਕਰਕੇ ਲੈ ਕੇ ਆਉਂਦੇ ਹੁੰਦੇ ਸਨ, ਉਹ ਕੱਲਮ ਕੱਲੇ ਆਏ। ਜੋ ਪਹਿਲੋਂ ਭਜ ਭਜ ਕੇ ਕਈ ਪ੍ਰਕਾਰ ਦੀ ਸੇਵਾ ਕਰਦੇ ਦੇਖੇ ਜਾਂਦੇ ਸਨ, ਲੰਗਰ ਵਿੱਚ ਸੇਵਾਕਾਰੀ ਹੁੰਦੇ ਦੇਖੇ ਜਾਂਦੇ ਸਨ, ਉਹ ਕਿਸੇ ਵੀ ਸੇਵਾ ਨੂੰ ਹੱਥ ਪਾਉਂਦੇ ਦੇਖੇ ਨਹੀਂ ਗਏ। ਉਹ ਕਈ ਸਭਾਵਾਂ ਵਿੱਚ ਗੈਰ ਹਾਜਰ ਵੀ ਹੁੰਦੇ ਰਹੇ। ਉਹ ਆਪਣੇ ਉੱਚ ਧਰਮ ਸਬੰਧੀਆਂ ਨੂੰ ਮਿਲਨ ਤੇ ਉਨ੍ਹਾਂ ਦੇ ਨਾਲ ਕੋਈ ਗਲ ਬਾਤ ਕਰਨ ਦੀ ਵੀ ਕੋਈ ਲੋੜ ਮਹਿਸੂਸ ਕਰਦੇ ਨਹੀਂ ਵੇਖੇ ਗਏ। ਅਤੇ ਉਨ੍ਹਾਂ ਨੂੰ ਇਕ ਦਿਨ ਜਾਂ ਵਧੇਰੇ ਪਹਿਲਾਂ ਹੀ ਪੂੰਜਾ ਛੁੜਾ ਕੇ ਰੁਖਸਤ ਹੁੰਦਿਆਂ, ਖੁਸ਼ ਵੇਖਿਆ ਗਿਆ।

ਪਹਿਲੇ ਨਜਾਰੇ ਅੰਦਰ ਇਹ ਵੇਖਿਆ ਗਿਆ ਕਿ ਉਨ੍ਹਾਂ ਜਨਾਂ ਜਾਂ ਪਰਿਵਾਰਾਂ ਨੂੰ ਹੌਲੀ ਹੌਲੀ ਉਨ੍ਹਾਂ ਦੇ ਸੁੱਕ ਰਹੇ ਭਾਵਾਂ ਨੂੰ ਗੁਰੂ ਦੇ ਪ੍ਰਭਾਵਾਂ ਦੀ ਖੁਰਾਕ ਮਿਲਦੀ ਰਹੀ ਤੇ ਉਹ ਟਹਿਕਣ ਲਗ ਪਏ। ਪਰਿਵਾਰ ਦਾ ਬੱਚਾ ਬੱਚਾ ਆਉਣ ਲੱਗ ਪਏ। ਹੋਰ ਜਨਾਂ ਨੂੰ ਲੈ ਕੇ ਆਉਣ ਦੀਆਂ ਸੋਚਾਂ ਸੋਚਣ ਲੱਗ ਪਏ। ਉਹ ਆਖੀਰ ਮਹੋਤਸਵ ਤਕ ਦੀਆਂ ਸਭਾਵਾਂ ਸੁਣ ਕੇ ਲਾਭ ਉਠਾਉਂਦੇ ਰਹੇ। ਗੁਰੂ ਨੂੰ ਬੇਬਸ ਧੰਨਵਾਦ ਦਿੰਦੇ ਰਹੇ। ਉਨ੍ਹਾਂ ਦੇ ਚੰਗੇ ਭਾਵਾਂ ਨੂੰ ਖੁਰਾਕ ਮਿਲੀ। ਉਹ ਉੱਚ ਖੁਸ਼ੀਆਂ ਨਾਲ ਭਰੇ। ਪਰਚਾਰਕ ਜਨ ਵੀ ਖੁਸ਼ ਹੋਏ, ਉਨ੍ਹਾਂ ਦੀਆਂ ਮੇਹਨਤਾਂ ਸਫਲ ਹੁੰਦੀਆਂ ਦਿੱਸੀਆਂ। ਹੋਰ ਕੰਮ ਵਧਣ ਦੀ ਆਸ਼ਾ ਵਧੀ।

ਦੂਜੇ ਨਜ਼ਾਰੇ ਅੰਦਰ, ਮਹੋਤਸਵ ਤੋਂ ਛੇਤੀ ਭਜਣ ਵਾਲਿਆਂ ਸਬੰਧੀ ਮਹਿਸੂਸ ਹੁੰਦਾ ਰਿਹਾ ਕਿ ਉਨ੍ਹਾਂ ਦੇ ਉੱਚ ਭਾਵ ਸੁਕੜ ਰਹੇ ਹਨ। ਉਨ੍ਹਾਂ ਦੀ ਸੇਵਾ ਸਹਾਇਤਾ ਦੇ ਭਾਵ ਸੁਕ ਰਹੇ ਹਨ ਜਿਨ੍ਹਾਂ ਨੂੰ ਆਪਣੇ ਕਿਸੇ ਉਪਕਾਰੀ ਹਿਤਕਾਰੀ ਦੀ ਪ੍ਰੇਰਨਾ ਦਾ ਵੀ ਕੋਈ ਅਸਰ ਨਹੀਂ ਹੋਇਆ। ਉਨ੍ਹਾਂ ਦੇ ਚੰਗੇ ਭਾਵ ਸੁਕੜਦੇ ਵੇਖ ਕੇ ਉਨ੍ਹਾਂ ਦੇ ਹਿੱਤਕਾਰੀਆਂ ਦੀਆਂ ਆਸਾਂ ਤੇ ਉਮੀਦਾਂ ਤੇ ਮਨਾਂ ਪਾਣੀ ਫਿਰ ਗਿਆ। ਜਿਨ੍ਹਾਂ ਤੇ ਉਮੀਦ ਸੀ, ਕਿ ਉਹ ਆਪਣੇ ਸਾਰੇ ਪਰਿਵਾਰ ਨੂੰ ਗੁਰੂ ਮਹਾਰਾਜ ਨਾਲ ਜੋੜਨਗੇ ਤੇ ਸੇਵਕ ਬਨਾਉਣਗੇ, ਆਪਣੇ ਹੋਰ ਵਾਕਫਾਂ ਸਬੰਧੀਆਂ ਨੂੰ ਵੀ ਜੋੜਣਗੇ। ਆਪ ਆਪਣੇ ਕਰੋਬਾਰ ਤੋਂ ਛੁੱਟੀ ਪਾ ਗੁਰੂ ਮਿਸ਼ਨ ਦੀ, ਆਪਣੀ ਜੋਗਤਾ ਅਨੁਸਾਰ ਸੇਵਾ ਕਰਨਗੇ। ਉਕਤ ਉਮੀਦਾ ਤੇ ਢੇਰਾਂ ਪਾਣੀ ਫਿਰ ਗਿਆ। ਹਿੱਤਕਾਰੀਆਂ ਨੂੰ ਸਾਲਾਂ ਦੇ ਸਾਲ ਸੰਗਰਾਮ ਕਰਨ ਤੋਂ ਬਾਅਦ ਨਿਰਾਸ਼ਾ ਹੀ ਨਿਰਾਸ਼ਾ ਪੱਲੇ ਪਈ। ਦੁੱਖ ਹੀ ਦੁੱਖ ਮਹਿਸੂਸ ਹੁੰਦਾ ਰਿਹਾ। ਨੇੜੇ ਭਵਿਖ ਵਿੱਚ ਉਨ੍ਹਾਂ ਸਾਥੀਆਂ ਦੇ ਹੋਰ ਭਾਵਾਂ ਦੇ ਸੁਕੜ ਜਾਣ ਦਾ ਤੇ ਉਨ੍ਹਾਂ ਨੂੰ ਹੋਰ ਗੁਰੂ ਮਹਾਰਾਜ ਤੇ ਉਨ੍ਹਾਂ ਦੇ ਕਾਰਜ ਤੋਂ ਦੂਰ ਹੋਣ ਦਾ ਨਜ਼ਾਰਾ ਬਹੁਤ ਹੀ ਦੁਖਦਾਇਕ ਮਹਿਸੂਸ ਹੁੰਦਾ ਰਿਹਾ।

ਹਰ ਸੰਗਤ ਵਿੱਚ ਭਾਵ ਪ੍ਰਕਾਸ਼ ਦੀ ਸਭਾ ਖਾਸ ਹੁੰਦੀ ਹੈ। ਉਸ ਵਿੱਚ ਜਿਨ੍ਹਾਂ ਜਿਨ੍ਹਾਂ ਨੂੰ ਕੁਝ ਪ੍ਰਭਾਵ ਮਿਲੇ ਹੁੰਦੇ ਹਨ, ਉਹ ਬਿਆਨ ਕਰਦੇ ਹਨ। ਖਾਸ ਕਰ ਨਵੇਂ ਜਨਾਂ ਨੂੰ ਪ੍ਰਭਾਵ ਪਹਿਲੋਂ ਪਹਿਲ ਛੇਤੀ ਮਿਲ ਜਾਂਦੇ ਹਨ। ਉਹ ਉਨ੍ਹਾਂ ਪ੍ਰਭਾਵਾਂ ਸਦਕਾ ਨਵੀਆਂ ਬੋਲੀਆਂ ਬੋਲਦੇ ਹਨ। ਉਨ੍ਹਾਂ ਦਾ ਬਹੁਤ ਹੀ ਚੰਗਾ ਤੇ ਗਹਿਰਾ ਪ੍ਰਭਾਵ ਸਾਡੇ ਹਿਰਦਿਆਂ ਤੇ ਵੀ ਪੈਂਦਾ ਹੈ। ਉਚ ਪ੍ਰੇਰਨਾਂਵਾਂ ਸਾਡੇ ਅੰਦਰ ਵੀ ਪੈਦਾ ਹੁੰਦੀਆਂ ਹਨ। ਕਈ ਵੇਰ ਸਾਰੇ ਮਹੋਤਸਵ ਤੋਂ ਉਨ੍ਹਾਂ ਲਾਭ ਨਹੀਂ ਹੁੰਦਾ ਜਿਨ੍ਹਾਂ ਭਾਵ ਪ੍ਰਕਾਸ਼ ਸੁਣ ਕੇ ਹੁੰਦਾ ਹੈ। ਇਸ ਲਈ ਭਾਵ ਪ੍ਰਕਾਸ਼ ਦੀ ਸਭਾ ਨੂੰ ਐਵੇਂ ਨ ਜਾਣੋਂ। ਉਹ ਖਾਸ ਪ੍ਰਭਾਵਾਂ ਭਰੀ ਸਭਾ ਹੁੰਦੀ ਹੈ। ਉਸ ਤੋਂ ਕਦੀ ਉਦਾਸੀਨ ਤੇ ਗਾਫਲ ਨ ਹੋਵੇ। ਇਸ ਮਹੋਤਸਵ ਉਪਰ 30 ਜਨਾਂ ਨੇ ਜਾਂ ਵਧੇਰੇ ਜਨਾਂ ਨੇ ਭਾਵ ਪ੍ਰਕਾਸ਼ ਕੀਤੇ। ਉਸ ਭਾਵ ਪ੍ਰਕਾਸ਼ ਦੀ ਸਭਾ ਵਿੱਚ ਕਈ ਮਹੋਤਸਵ ਛੱਡ ਕੇ ਜਾਣ ਵਾਲੇ, ਆਪਣੇ ਨੀਚ ਮਨ ਦੀ ਮੰਨ ਕੇ ਚਲਣ ਵਾਲੇ ਜਨ, ਕਰਮਚਾਰੀਆਂ ਨੂੰ, ਰਹਿ ਰਹਿ ਕੇ ਯਾਦ ਆ ਰਹੇ ਸਨ, ਕਿ ਕਾਸ਼ ਉਹ ਨ ਜਾਂਦੇ ਤਾਂ ਉਨ੍ਹਾਂ ਦਾ ਬਹੁਤ ਭਲਾ ਹੁੰਦਾ। ਸਬੰਧਾਂ ਵਿੱਚ, ਕਈ ਪਤੀ ਪਤਨੀਆਂ ਦੇ ਸ਼ਾਨਦਾਰ ਭਾਵ ਪ੍ਰਕਾਸ਼ ਸਨ, ਦਿਲਾਂ ਨੂੰ ਹਿਲਾਉਣ ਵਾਲੇ ਸਨ, ਉਹ ਸੁਣ ਕੇ ਜਰੂਰ ਕੁਝ ਵੀ ਅਧਿਕਾਰੀਆਂ ਦਾ ਭਲਾ ਹੁੰਦਾ। ਏਸ ਭਲੇ ਤੋਂ ਖਾਲੀ ਰਹੇ ਸਾਥੀਆਂ ਨੂੰ ਵੇਖ ਕੇ ਸ਼ੋਕ ਹੁੰਦਾ ਰਿਹਾ ਦੁਖ ਹੁੰਦਾ ਰਿਹਾ। ਮਨ ਵਿੱਚ ਇਹ ਜੋਰਦਾਰ ਕਾਮਨਾ ਉਠਦੀ ਰਹੀ ਕਿ ਕਾਸ਼ ਅਜਿਹੀ ਭਾਵ ਪ੍ਰਕਾਸ਼ ਦੀ ਸਭਾ ਕਦੀ ਕੋਈ ਛੱਡ ਕੇ ਨ ਜਾਵੇ। ਆਪਣੇ ਨੀਚ ਮਨ ਨੂੰ ਮਾਰ ਕੇ, ਉਸ ਨੂੰ ਜਰੂਰ ਸੁਣੇ।

ਜੇ ਅਸੀ ਪਹਿਲੋਂ 'ਹਿੱਤ ਸਰੋਤ' ਤੇ 'ਧਰਮ ਜੀਵਨ' ਭਜ ਭਜ ਕੇ ਪੜ੍ਹਦੇ ਸੀ ਅਤੇ ਹੁਨ ਕਈ ਕਈ ਦਿਨ ਉਸ ਨੂੰ ਖੋਹਲਕੇ ਵੀ ਨਹੀਂ ਵੇਖਦੇ, ਪਹਿਲੋਂ ਕੋਈ ਪੁਸਤਕ ਪੜਦੇ ਸੀ, ਰੋਜ ਭਜਨ ਗਾਉਂਦੇ ਸੀ ਸਾਧਨ ਕਰਦੇ ਸੀ, ਉਹ ਸਭ ਰਹਿ ਗਿਆ, ਜੇ ਮਹੋਤਸਵ ਤੇ ਲੇਟ ਪੁੱਜਦੇ ਹਾਂ ਤੇ ਪਹਿਲੋਂ ਭਜਦੇ ਹਾਂ,

ਤਾਂ ਸਮਝੋ ਖਤਰੇ ਦੀ ਘੰਟੀ ਵੱਜ ਰਹੀ ਹੈ। ਤੁਸੀਂ ਸੁਕੜ ਰਹੇ ਹੋ। ਤੁਸੀਂ ਗੁਰੂ ਦਰ ਤੋਂ, ਦੇਵ ਪ੍ਰਭਾਵਾਂ ਤੋਂ ਉਦਾਸੀਨ ਹੋ ਰਹੇ ਹੈ। ਤੁਹਾਡੇ ਦੁਨੀਆਂ ਪ੍ਰਸਤੀ ਦੇ ਭਾਵ ਵੱਧ ਰਹੇ ਹਨ, ਤੁਸੀਂ ਉਨ੍ਹਾਂ ਵਿੱਚ ਮਸਤ ਹੋ ਰਹੇ ਹੋ। ਇਹ ਬਹੁਤ ਵੱਡੇ ਖਤਰੇ ਦਾ ਟੱਲ ਵੱਜ ਰਿਹਾ ਹੈ। ਤੁਹਾਡਾ ਅਤੇ ਤੁਹਾਡੇ ਪਰਿਵਾਰ ਦਾ ਭਵਿਖ ਦੁਖਮਯ ਹੋਣ ਜਾ ਰਿਹਾ ਹੈ। ਜਿਨਾਂ ਪਾਪਾਂ ਤੋਂ ਬੁਰਾਈਆਂ ਤੋਂ ਅਤੇ ਮਿੱਥਿਆ ਤੋਂ ਤੁਸੀਂ ਬੜੀ ਮੁਸ਼ਕਲ ਨਾਲ ਬਚੇ ਸੀ, ਉਹ ਸਭ ਕੁਝ ਤੁਹਾਡੇ ਪਰਿਵਾਰ ਨੂੰ ਫੇਰ ਘੇਰਨ ਵਾਲਾ ਹੈ। ਵਿਨਾਸ਼ ਦੇ ਚੱਕਰ ਵਿੱਚ ਪਾਉਣ ਵਾਲਾ ਹੈ। ਅਜੇ ਸਮਾਂ ਹੈ, ਆਪਣੇ ਨੀਚ-ਸੁਖਾਂ ਦੀ ਕਾਨਾ ਫੂਸੀ ਨਾ ਸੁਣੋਂ, ਆਪਣੇ ਨੀਚ ਮਨ ਦੀ ਨ ਸੁਣ ਕੇ, ਜੋਰ ਨਾਲ ਸਤਿ ਸੰਗ ਵਿੱਚ ਜਾਓ। ਆਪਣਾ ਮਨ ਮਾਰ ਕੇ ਇਕ, ਦੋ ਜਾਂ ਤਿੰਨ ਵਾਰ ਸਾਰੀ ਸਤਿਸੰਗ ਵਿੱਚ ਬੈਠੋ। ਤੁਹਾਡੇ ਚੰਗੇ ਭਾਵਾਂ ਨੂੰ ਫੇਰ ਜਰੂਰ ਖੁਰਾਕ ਮਿਲਨ ਲਗ ਜਾਵੇਗੀ। ਤੁਹਾਡਾ ਹਿਰਦਾ ਖੁਸ਼ੀ ਮਹਿਸੂਸ ਕਰਨ ਲੱਗ ਪਵੇਗਾ। ਇਸ ਦਰ ਨਾਲ ਜੁੜਨ ਦੇ ਸੁਭਾਗ ਨੂੰ ਮਹਿਸੂਸ ਕਰਨ ਲੱਗ ਪਵੇਗਾ। ਫੇਰ ਆਪਣੇ ਭਾਵਾਂ ਨੂੰ ਕਦੀ ਸੁਕੜਨ ਤੋਂ ਸਦਾ ਫਿਕਰਮੰਦ ਬਣੇ ਰਹਿਣ ਦੀ ਲੋੜ ਹੈ। ਆਪਣੇ ਪਰਿਵਾਰ ਦੇ ਬੱਚੇ ਬੱਚੇ ਨੂੰ ਰਿਸ਼ਤੇਦਾਰਾਂ ਨੂੰ ਇਸ ਦਰ ਨਾਲ ਜੋੜਨ ਦੀ ਲੋੜ ਮਹਿਸੂਸ ਕਰਨ ਦੀ ਲੋੜ ਹੈ। ਆਪਣੇ ਸੇਵਾ ਭਾਵ ਨੂੰ ਸੁਕੜਨ ਤੋਂ ਬਚਾਉਣ ਦਾ ਫਿਕਰ ਕਰਨ ਦੀ ਲੋੜ ਹੈ। ਇਸ ਦਰ ਤੋਂ ਪਰ੍ਹਾਂ ਹੋਣ, ਜਾਂ ਉਦਾਸੀਨ ਹੋਣ ਜਾਂ ਦਾਵੀ ਨੂੰ ਹੱਥ ਲਾਣ ਵਾਂਗ ਕਰਕੇ ਹੀ ਤਰਿਪਤ ਹੋਣ ਤੋਂ ਪੂਰਾ ਭੈ-ਭੀਤ ਹੋਣ ਦੀ ਲੋੜ ਹੈ। ਆਪਣੇ ਹਿਤਕਾਰੀਆਂ ਦੀ ਗਲ ਮੰਨਣ ਵਿੱਚ ਹੀ ਤੁਹਾਡਾ ਲਾਭ ਹੈ, ਉਨ੍ਹਾਂ ਦਾ ਨਹੀਂ। ਇਸ ਸਤਿ ਨੂੰ ਸਮਝਣ ਦੀ ਲੋੜ ਹੈ। ਨੇਚਰ ਵਿੱਚ ਪਰਿਵਰਤਨ ਦਾ ਨੇਮ ਅਟਲ ਹੈ। ਸੁਕੜਨ ਤੇ ਜੇ ਨ ਬਚੋਂਗੇ ਤਾਂ ਪੂਰਨ ਸੁੱਕ ਸੜ ਜਾਵੋਗੇ। ਜੇ ਮਨ ਮਾਰ ਕੇ ਬਾਰ ਬਾਰ ਦੇਵ-ਪ੍ਰਭਾਵਾਂ ਵਿੱਚ ਪੁੱਜੋਗੇ ਤਾਂ 2-3 ਵੇਰ ਦੇ ਸੰਗਰਾਮ ਨਾਲ ਸੁਕੜਣ ਘਟਣ ਲੱਗ ਜਾਵੋਗੇ, ਤੁਹਾਡੇ ਉਚ ਭਾਵ ਖੁਰਾਕ ਪਾ ਕੇ ਫੇਰ ਟਹਿਕਣ ਲੱਗ ਪੈਣਗੇ। ਜੀਨ ਵਿੱਚ ਹੀ ਮਰਦਾਨਗੀ ਹੈ, ਮਰਨ ਵਿੱਚ ਕੀ ਬਹਾਦੁਰੀ ਹੈ? ਜੋਸ਼ ਵਿੱਚ ਆਓ ਤੇ ਅਗੋਂ ਸੁਕੜਨ ਤੋਂ ਪੂਰਨ ਰੂਪ ਵਿੱਚ ਬਚੋ। ਸਦਾ ਏਸੇ ਵਿੱਚ ਸਾਡੀ ਖੈਰ ਹੈ, ਸਾਡਾ ਸੱਚਾ ਹਿਤ ਹੈ। ਫਾਸ ਫੋਰਸ ਪਾਣੀ ਵਿੱਚ ਹੀ ਬਚਦਾ ਹੈ, ਬਾਹਿਰ ਕਢਿਆਂ ਉਸ ਨੂੰ ਅੱਗ ਲਗ ਉਠਦੀ ਹੈ। ਮਨੁੱਖੀ ਜੀਵਨ ਦੇਵ-ਪ੍ਰਭਾਵਾਂ ਵਿੱਚ ਹੀ ਸੁਰਖਿਅਤ ਹੈ, ਦੇਵ ਪ੍ਰਭਾਵਾਂ ਤੋਂ ਪਰ੍ਹਾਂ, ਉਸ ਨੂੰ ਝੱਟ ਮਿੱਥਿਆ ਤੇ ਪਾਪ ਦੀ ਅੱਗ ਲਗਣ ਲਗ ਜਾਂਦੀ ਹੈ।

ਸੁਰੱਖਿਅਤ ਹੂੰ ਹੇ ਭਗਵਨ, ਤੁਮਾਰੇ ਹਾਥ ਮੇਂ ਆਕਰ
ਨਹੀਂ ਸੰਭਵ ਮੇਰੀ ਰਖਸ਼ਾ, ਕਹੀਂ ਤੁੰਮ ਸੇ ਪਰੇ ਜਾ ਕਰ

ਗੁਰੂ ਮਹਾਰਾਜ ਦੇ ਫਰਮਾਨ :-

* *ਜੇਕਰ ਤੁਹਾਡਾ ਦਿਲ ਸਾਧਨ (ਸਭਾ) ਵਿੱਚ ਨ ਲੱਗੇ ਤਾਂ ਸਮਝੋ ਕਿ ਦਿਲ ਵਿੱਚ ਖੋਟ ਹੈ। ਉਸ ਨੂੰ ਦੂਰ ਕਰਨਾ ਚਾਹੀਦਾ ਹੈ।*
* *ਸ਼ਰਧਾ ਵਾਨ ਅਤੇ ਦੀਨ ਭਾਵੀ ਦੇ ਲਈ ਧਰਮ ਦੀ ਦੁਨੀਆਂ ਹੈ। ਅਹੰ ਅਨੁਰਾਗੀ ਦੇ ਲਈ ਤਰਕੀ ਨਹੀਂ।*
* *ਯਾਦ ਰੱਖੋ ! ਨੇਚਰ ਵਿੱਚ ਜੋ ਸਚਾਈ ਹੈ ਉਹ ਕਦੀ ਮਿੱਟ ਨਹੀਂ ਜਾਵੇਗੇ, ਜੇ ਅੱਜ ਨਹੀਂ ਤਾਂ ਉੱਚਿਤ ਸਮੇਂ ਦੇ ਆਉਣ ਤੇ ਦੇਵ ਆਤਮਾ ਦਾ ਕੰਮ ਆਪੇ ਹੀ ਹੋਵੇਗਾ, ਅਤੇ ਇਸ ਨੂੰ ਕਰਨ ਦੇ ਲਈ ਹਜਾਰਾ ਜਨ ਪੈਦਾ ਹੋ ਜਾਣਗੇ।*

ਦੇਵ ਰੂਪ ਤੇ ਚਿੰਤਨ-10

ਆਤਮ ਵਿਕਾਸ ਕਰਤਾ

ਸੰਸਾਰਕ ਧਰਮਾਂ ਦੀ ਦੌੜ ਮੁਕਤੀ ਤਕ ਹੀ ਹੈ। ਉਹ ਮੁਕਤੀ ਨੂੰ ਹੀ ਜੀਵਨ ਦਾ ਲਖਸ਼ ਮੰਨਦੇ ਹਨ। ਜਿਸ ਮਨੁੱਖ ਨੂੰ ਮੁਕਤੀ ਪ੍ਰਾਪਤ ਹੋ ਗਈ, ਨਿਰਵਾਨ ਹਾਸਲ ਹੋਗਿਆ, ਉਸ ਦਾ ਸਮਸਤ ਜੀਵਨ ਸਫਲ ਹੋ ਗਿਆ। ਇਸ ਤੋਂ ਵੱਡੀ ਹੋਰ ਕੋਈ ਪ੍ਰਾਪਤੀ ਨਹੀਂ। ਭਾਵੇਂ ਮੁਕਤੀ ਵੀ ਉਨ੍ਹਾਂ ਦੀ ਨਿਰਰਥਕ ਹੀ ਹੈ। ਚੁਰਾਸੀ ਲੱਖ ਜੂੰਨਾਂ ਤੋਂ ਮੁਕਤੀ, ਪੁਨਰ ਜਨਮ ਤੋਂ ਮੁਕਤੀ, ਤਰੀਤਾਪ ਤੋਂ ਮੁਕਤੀ, ਨਰਕ ਤੋਂ ਮੁਕਤੀ, ਦੁਖਾਂ ਤੋਂ ਮੁਕਤੀ, ਸਭ ਅਰਥਹੀਣ ਹਨ। ਸਤਿ ਮੁਕਤੀ, ਮਿੱਥਿਆ ਵਿਸ਼ਵਾਸਾਂ ਤੋਂ ਮੁਕਤੀ, ਨੀਚ ਸੁਖ ਅਨੁਰਾਗਾਂ ਤੋਂ ਮੁਕਤੀ, ਨੀਚ ਘ੍ਰਿਣਾਵਾਂ ਤੋਂ ਮੁਕਤੀ, ਪਾਪ ਤੋਂ ਮੁਕਤੀ, ਨੀਚ ਚਿੰਤਾਵਾਂ ਤੇ ਨੀਚ ਕਰਿਆਵਾਂ ਤੋਂ ਮੁਕਤੀ ਹੈ। ਆਤਮ ਵਿਕਾਰ ਤੋਂ ਮੁਕਤੀ ਹੈ। ਗੁਰੂ ਮਹਾਰਾਜ ਕੇਵਲ ਉਕਤ ਸਤਿ ਮੁਕਤੀ ਪ੍ਰਾਪਤ ਕਰਨ ਨਾਲ, ਮਨੁੱਖੀ ਆਤਮਾ ਦਾ ਪੂਰਨ ਕਲਿਆਣ ਨਹੀਂ ਮੰਨਦੇ। ਇਸ ਨਾਲ ਮਨੁੱਖੀ ਆਤਮਾ ਦੀ ਰਖਿਆ ਤਾਂ ਬਹੁਤ ਹੁੰਦੀ ਹੈ। ਐਪਰ ਉਸ ਦਾ ਬਲ ਨਹੀਂ ਵਧਦਾ ਉਸ ਦਾ ਜੀਵਨ ਉਨੰਤ ਨਹੀਂ ਹੁੰਦਾ, ਅੱਗੇ ਵੱਧਦਾ ਨਹੀਂ। ਮਨੁੱਖੀ ਆਤਮਾ ਦੀ ਮੁਕਤੀ ਤੋਂ ਉਪ੍ਰਾਂਤ ਉਸਦਾ ਵਿਕਾਸ ਅਤੀ ਜਰੂਰੀ ਹੈ। ਮਨੁੱਖੀ ਆਤਮਾ ਅੰਦਰ ਉਚ ਭਾਵਾਂ ਦੀ ਉਤਪਤੀ ਤੇ ਉਨੰਤੀ ਜਰੂਰੀ ਹੈ। ਉੱਚ ਭਾਵ ਤੇ ਅਨੁਰਗ ਹੀ ਮਨੁਖ ਆਤਮਾ ਦੇ ਬਲਵਰਦਕ ਹਨ। ਉੱਚ ਭਾਵਾਂ ਦਾ ਵਿਕਾਸ ਹੀ ਆਤਮਾ ਦਾ ਵਿਕਾਸ ਹੈ। ਪਰਮ ਪੂਜਨੀਅ ਭਗਵਾਨ ਦੇਵ ਆਤਮਾ ਜਿੱਥੇ ਆਤਮਾ ਦੇ ਕਲਿਆਣ ਲਈ ਨੀਚ ਜੀਵਨ ਤੋਂ ਮੁਕਤੀ ਨੂੰ ਜਰੂਰੀ ਮੰਨਦੇ ਹਨ ਉਥੇ ਉਸ ਦੇ ਨਾਲ ਉਸ ਵਿੱਚ ਉਚ ਭਾਵਾਂ ਦੀ ਉਤਪਤੀ ਅਤੇ ਉਨੰਤੀ ਨੂੰ ਵੀ ਪਰਮ ਆਵਸ਼ਕ ਮੰਨਦੇ ਹਨ।

ਗੁਰੂ ਮਹਾਰਾਜ ਦੀ ਰੋਸ਼ਨੀ ਜਾਂ ਸਿਖਿਆ ਦਸਦੀ ਹੈ ਕਿ ਜਿੱਥੇ ਉਚ-ਭਾਵ ਹੈ, ਉਥੇ ਹੀ ਉੱਚ ਗਤੀ ਜਾਂ ਪੁੰਨ ਗਤੀ ਹੈ। ਉੱਚ ਭਾਵ ਤੋਂ ਬਿਨਾਂ ਮਨੁੱਖ ਜੋ ਕੁਝ ਵੀ ਕਰਦਾ ਹੈ, ਉਹ ਸਭ ਨੀਚ ਗਤੀਆਂ ਹੀ ਹਨ ਪਾਪ ਕਰਮ ਹੀ ਹਨ। ਉਚਭਾਵ ਨਾਲ ਪ੍ਰੇਰਤ ਹੋ ਕਿ ਕੋਈ ਕ੍ਰਿਆ ਕਰਨ ਨਾਲ ਹੀ ਕੇਵਲ ਅਤਮਾ ਦਾ ਹਿੱਤ ਹੁੰਦਾ ਹੈ, ਉੱਚ ਭਾਵ ਵਧਦਾ ਹੈ, ਆਤਮ ਬਲ ਵੱਧਦ ਹੈ। ਉਚ ਭਾਵ ਤੋਂ ਖਾਲੀ ਮਨੁੱਖ ਦੀਆਂ ਸਭ ਗਤੀਆਂ ਪਾਪ ਕਰਮ ਹੀ ਹਨ। ਉਨਾਂ ਨਾਲ ਆਤਮਾ ਅੰਦਰ ਬੁਰਾ ਪਰਿਵਰਤਨ ਆਉਂਦਾ ਹੈ ਤੇ ਆਤਮਾ ਦਾ ਪਤਨ ਹੁੰਦਾ ਹੈ। ਆਤਮਾ ਵਿਨਾਸ਼ ਪੱਥ ਦੇ ਉਤੇ ਪੈ ਲੈਂਦਾ ਹੈ। ਉੱਚ ਭਾਵਾਂ ਦੀ ਉਤਪਤੀ ਦੇ ਨਾਲ ਹੀ ਆਤਮਾ ਦਾ ਵਿਕਾਸ ਹੁੰਦਾ ਹੈ।

ਗੁਰੂ ਮਹਾਰਾਜ ਫਰਮਾਉਂਦੇ ਹਨ :-

"ਜਦ ਤਕ ਕਿਸੇ ਮਨੁੱਖ ਦੇ ਆਤਮਾ ਵਿੱਚ ਕਿਸੇ ਉਚ ਜਾਂ ਸਾਤਵਿਕ ਭਾਵ ਦੀ ਉਤਪਤੀ ਨਹੀਂ ਹੁੰਦੀ, ਤਦ ਤਕ ਉਹ ਕੇਵਲ ਇਹੋ ਨਹੀਂ ਕਿ ਕੋਈ ਹਿਤ-ਉਤਪਾਦਕ ਗਤੀ ਗਰਹਿਣ ਕਰਕੇ ਉਚ ਨਹੀ ਬਣਦਾ, ਸਗੋਂ ਉਸ ਦੇ ਵਿਰੁਧ ਆਪਣੇ ਇਕ ਜਾਂ ਦੂਜੇ ਸਬੰਧ ਵਿੱਚ, ਪਤਨਕਾਰੀ (ਨੀਚ) ਭਾਵਾਂ ਦੇ ਨਾਲ ਪ੍ਰੇਰਤ ਹੋ ਕੇ, ਆਪਣੀ ਤੇ ਦੂਜਿਆਂ ਦੀ ਬਹੁਤ ਵੱਡੀ ਹਾਨੀ ਅਤੇ ਆਪਣੇ ਆਤਮਾ ਨੂੰ ਪਤਿੱਤ ਕਰਦਾ ਹੈ"

"ਦੇਵ ਧਰਮ ਪਰਵਰਤਕ ਦੀ ਏਸ ਸਿਖਿਆ ਸਬੰਧੀ ਦੇਵ ਜੋਤੀ ਤੋਂ ਬਿਨਾਂ, ਇਸ ਪ੍ਰਿਥਵੀ ਦੇ ਵੱਖ ਵੱਖ ਸੰਪਰਦਾਵਾਂ ਦੇ ਲਖਾਂ ਤੇ ਕਰੋੜਾਂ ਮਨੁਖ, ਆਤਮਾ ਦੇ ਜੀਵਨ ਦੇ ਵਿਚਾਰ ਨਾਲ ਅੰਧਕਾਰ ਵਿੱਚ ਪਏ ਹੋਏ ਹਨ, ਅਤੇ ਅਜਿਹੇ ਜਨਾਂ ਵਿਚੋਂ ਉਹ ਹਜਾਰਾਂ ਮਨੁੱਖ ਜੋ ਵਿਦਵਾਨ, ਪੰਡਤ, ਦਿਗੰਬਰ, ਯੋਗੀ, ਮੌਲਵੀ, ਕਾਜ਼ੀ, ਪਾਦਰੀ ਅਤੇ ਫੂੰਗੀ ਆਦਿ ਅਖਵਾਉਂਦੇ ਹਨ ..... ਆਪਣੇ ਮਿੱਥਿਆ ਵਿਸ਼ਵਾਸਾਂ ਦੇ ਦੁਆਰਾ ਅਪਣੀ ਅਤੇ ਹੋਰ ਵਜੂਦਾਂ ਦੀ ਨਾਨਾ ਪ੍ਰਕਾਰ ਨਾਲ ਹਾਨੀ ਕਰ ਰਹੇ ਹਨ।"

ਮਨੁੱਖ ਨੂੰ ਉਸਦੇ ਆਪਣੇ ਭਾਵ ਹੀ ਚਲਾਉਂਦੇ ਹਨ। ਨੀਚ ਭਾਵ, ਨੀਚ ਗੱਤੀਆਂ, ਪਤਨ ਤੇ ਨਾਸ਼ ਦੇ ਹੇਤੂ ਹਨ, ਉਚ ਭਾਵ, ਉੱਚ ਗਤੀਆਂ, ਬਲ ਤੇ ਵਿਕਾਸ ਦੇ ਸੂਚਕ ਹਨ।

ਭਾਵ ਹੀ ਹਨ ਜੋ ਮਨੁਖ ਦਾ ਰੂਪ ਸਿਰਜਦੇ ਹਨ। ਨੀਚ ਭਾਵ ਮਨੁੱਖ ਨੂੰ ਨੀਚ ਬਣਾ ਦਿੰਦੇ ਹਨ, ਉੱਚ ਭਾਵਾਂ ਨਾਲ ਮਨੁੱਖ ਉੱਚ ਬਣ ਜਾਂਦਾ ਹੈ। ਦੇਵ ਆਤਮਾ ਅਧਿਕਾਰੀ ਮਨੁਖਾਂ ਦਾ ਨੀਚ ਰੂਪ ਬਦਲ ਕੇ ਉਨ੍ਹਾਂ ਨੂੰ ਉੱਚ ਭਾਵ ਸੰਚਾਰ ਕਰਕੇ ਉਚ ਰੂਪ ਪਰਦਾਨ ਕਰਦੇ ਹਨ। ਪੁਰਾਣੀ ਪਾਪ ਮਈ ਪ੍ਰਕਿਰਤੀ ਦਾ ਨਾਸ਼ ਕਰਕੇ ਉਨ੍ਹਾਂ ਨੂੰ ਉੱਚ ਰੂਪ ਪਰਦਾਨ ਕਰਕੇ, ਉਨ੍ਹਾਂ ਨੂੰ ਜੀਵਨ ਦਾ ਨਵਾਂ ਸਤਰ, ਨਵਾਂ ਲੋਕ, ਨਵਾਂ ਦਰਜਾ ਬਖਸ਼ਦੇ ਹਨ।

ਦੇਵ ਆਤਮਾ ਨੇ ਕਿਸੇ ਦੇਵੀ ਦੇਵਤੇ ਜਾਂ ਗੁਰੂ ਦੇ ਨਾਮ ਦਾ ਜਾਪ ਜਾਂ ਸਿਮਰਣ ਬੰਦ ਕਰਾ ਕੇ ਮਨੁੱਖੀ ਆਤਮਾਵਾਂ ਦੇ ਨੀਚ ਭਾਵ ਮਿਟਾਉਣ ਦਾ ਅਤੇ ਉੱਚ ਭਾਵ ਪੈਦਾ ਕਰਨ ਦਾ ਅਮਲੀ ਤੇ ਅਦੁੱਤੀ ਕਾਰਜ ਆਰੰਭਿਆ ਹੈ, ਜੋ ਕਾਰਜ ਸੰਸਾਰ ਦੇ ਕਿਸੇ ਹੋਰ ਧਰਮ ਦਾ ਨ ਲਖਸ਼ ਹੈ, ਤੇ ਨ ਹੀ ਕੋਈ ਧਰਮ ਉੱਚ ਭਾਵ ਪੈਦਾ ਕਰਨ ਤੇ ਜੋਰ ਦਿੰਦਾ ਹੈ, ਤੇ ਨ ਹੀ ਉਨ੍ਹਾਂ ਨੂੰ ਪੈਦਾ ਕਰਨ ਦਾ ਕੋਈ ਕਾਰਜ ਕਰਦਾ ਹੈ।

“ਉੱਚ ਭਾਵ ਹਨ ਵੱਡੀ ਦੌਲਤ, ਕਿਤੇ ਨ ਹੋਣ ਜਗ ਵਿੱਚ ਪ੍ਰਾਪਤ” (ਇਹ ਸਚਾਈ ਏਥੇ ਹੀ ਦੇਵ ਧਰਮ ਵਿੱਚ ਦਰਸ਼ਾਈ ਜਾਂਦੀ ਹੈ।)

ਉੱਚ ਭਾਵਾਂ ਨਾਲ ਹੀ ਇੱਕ ਇੱਕ ਵਿਅਕਤੀ ਦੇ ਜੀਵਨ ਵਿੱਚ ਇਨਕਲਾਬ ਆਉਂਦਾ ਹੈ, ਉੱਚ ਭਾਵ ਹੀ ਮਾਨਵ ਸਮਾਜ ਵਿੱਚ ਇਨਕਲਾਬ ਪੈਦਾ ਕਰ ਸਕਦੇ ਹਨ।

ਦੇਵ ਆਤਮਾ ਦਾ ਦੇਵ-ਰੂਪ ਅਜਿਹਾ ਅਦੁਤੀ ਤੇ ਮਹਾਨ ਹੈ ਕਿ ਉਹ ਹਰ ਅਧਿਕਾਰੀ ਆਤਮਾ ਦੇ ਅੰਦਰ ਹਰ ਸੰਭਵ ਉਚ ਭਾਵ ਦੀ ਉਤਪਤੀ ਕਰ ਸਕਦੇ ਹਨ, ਅਤੇ ਉਸ ਦਾ ਵਿਕਾਸ ਕਰ ਸਕਦੇ ਹਨ। ਹੋਰ ਕੋਈ ਵੀ ਹਸਤੀ ਇਸ ਕਾਰਜ ਲਈ ਸਕਸ਼ਮ ਨਹੀਂ।

ਕੇਵਲ ਦੇਵ ਆਤਮਾ ਦੀ ਰੂਹਾਨੀ ਗਠਨ, ਤੇ ਬਣਤਰ ਪੂਰਣਤਾ ਨੂੰ ਪ੍ਰਾਪਤ ਹੈ। ਉਨਾਂ ਅੰਦਰ ਸਭੇ ਉੱਚ ਭਾਵ, ਸਾਤਵਿਕ ਭਾਵ ਪੂਰੇ ਜੋਬਨ ਵਿੱਚ ਵਰਤਮਾਨ ਹਨ। ਉਨ੍ਹਾਂ ਤੋਂ ਉਪਰ ਉਨ੍ਹਾਂ ਅੰਦਰ ਦੇਵ ਜੀਵਨ ਹੈ। ਸ਼ੁਭ ਦਾ, ਸਭ ਜਗਤਾਂ ਦੇ ਸਭ ਅਸਤਿੱਤਾਂ ਦੇ ਸ਼ੁਭ ਦਾ, ਪੂਰਨ ਅਨੁਰਾਗ ਅਤੇ ਸਭ ਪ੍ਰਕਾਰ ਦੇ ਅਸ਼ੁਭ ਪ੍ਰਤੀ ਘੋਰ ਘ੍ਰਿਣਾਂ ਵਿਕਸਿਤ ਹੋਏ ਹਨ। ਦੇਵ ਆਤਮਾ ਪੂਰਨ ਸਤਿ ਅਨੁਰਾਗੀ ਹਨ ਤੇ ਮਿੱਥਿਆ ਦੇ ਪੂਰਨ ਸ਼ਤਰੂ ਹਨ। ਉਹ ਅਦੁਤੀ ਰੋਸ਼ਨੀ ਅਤੇ ਤੇਜ ਦੇ ਸੂਰਜ ਹਨ। ਉਨ੍ਹਾਂ ਦੀ ਦੇਵ ਜੋਤੀ ਅਤੇ ਤੇਜ ਦੀਆਂ ਕ੍ਰਿਣਾਂ ਅਦੁਤੀ ਤਾਸੀਰ ਦੀਆਂ ਮਾਲਕ ਹਨ। ਉਹ ਹਰ ਨੀਚ ਜੀਵਨ ਦੇ ਨਸ਼ਟ ਕਰਨ ਦੀ, ਅਤੇ ਹਰ ਉੱਚ ਭਾਵ ਦੇ ਪੈਦਾ ਕਰਨ ਦੀ, ਪੂਰੀ ਜੋਗਤਾ ਤੇ ਤਾਕਤ ਰਖਦੀਆਂ ਹਨ।

ਦੇਵਆਤਮਾ ਦੇ ਅਦੁਤੀ ਪ੍ਰਭਾਵਾਂ ਨੇ ਹਜ਼ਾਰਾ ਅਧਿਕਾਰੀ ਮਨੁਖਾਂ ਦੇ ਜੀਵਨਾਂ ਵਿੱਚ ਉਚ ਭਾਵ ਪੈਦਾ ਕਰਕੇ ਉਨ੍ਹਾਂ ਨੂੰ ਉੱਚ ਬਨਾਇਆ ਹੈ ਅਤੇ ਅਜ ਬਣਾ ਰਹੇ ਹਨ। ਉੱਚ ਭਾਵਾਂ ਦੁਆਰਾ ਇਸ ਧਰਤ ਤੇ ਅਜਬ ਸਵਰਗੀ ਲੀਲਾ ਪੈਦਾ ਕਰ ਰਹੇ ਹਨ, ਜੋ ਅੱਜ ਤੱਕ ਹੋਰ ਕੋਈ ਵੀ ਨਹੀਂ ਕਰ ਸਕਿਆ।

ਦੇਵ ਆਤਮਾ ਨੇ ਨਿਰਦਈ, ਸ਼ਿਕਾਰੀ ਤੇ ਕਸਾਈ ਜਨਾਂ ਅੰਦਰ, ਉਸ ਹਿੰਸਾ ਦਾ ਨਾਸ ਕਰਕੇ, ਉਨ੍ਹਾਂ ਅੰਦਰ ਪਸ਼ੂਆਂ ਪ੍ਰਤੀ ਦਿਆ ਭਾਵਨਾ ਪੈਦਾ ਕੀਤੀ ਹੈ। ਉਨ੍ਹਾਂ ਨੂੰ ਉਨ੍ਹਾਂ ਹੀ ਪਸ਼ੂਆਂ ਦੀ ਸੇਵਾ ਵਿੱਚ ਲਾਇਆ ਹੈ। ਉਨ੍ਹਾਂ ਜੰਗਲਾਂ ਵਿੱਚ ਉਨ੍ਹਾਂ ਪਸ਼ੂਆਂ ਲਈ, ਪਾਣੀ ਦੇ ਵੱਡੇ ਕੁੰਡ ਬਣਵਾਏ ਹਨ, ਅਤੇ ਉਨ੍ਹਾਂ ਦੇ ਲਈ ਚਾਰੇ ਦਾਣੇ ਦਾ ਬਰਸਾਂ ਤੱਕ ਸਵਰਗੀ ਪ੍ਰਬੰਧ ਕੀਤਾ ਹੈ। ਜੰਮਦੀਆਂ ਲੜਕੀਆਂ ਨੂੰ ਮਾਰ ਮੁਕਾਉਣ ਵਾਲੇ, ਕੁੜੀ ਮਾਰਾਂ ਨੂੰ, ਉਨ੍ਹਾਂ ਦਾ ਹਿਤੂ ਤੇ ਹਮਦਰਦ ਬਨਾਇਆ ਹੈ। ਉਨ੍ਹਾਂ ਤੋਂ ਉਨ੍ਹਾਂ ਦੀ ਸਿਖਿਆ ਲਈ ਚਾਰ ਚਾਰ ਸਕੂਲ ਖੁਲਵਾਏ ਹਨ।

ਸ਼ਰਾਬੀਆਂ ਕਬਾਬੀਆਂ ਦੇ ਸ਼ਰਾਬ ਖਾਨੇ ਤੇ ਕਬਾਬ ਖਾਨੇ ਬੰਦ ਕਰਾ ਕੇ ਉਨ੍ਹਾਂ ਨੂੰ ਮੰਦਰਾਂ ਵਿੱਚ

ਤਬਦੀਲ ਕਰਾਇਆ ਹੈ। ਉਥੇ ਸਰਾਬੀ ਕਬਾਬੀ ਤੇ ਨੀਚ ਜੀਵਨ ਧਾਰੀ ਜਨ੍ਹਾਂ ਨੂੰ ਬਦਲ ਕੇ ਉਚ-ਭਾਵਧਾਰੀ ਬਨਾਉਣ ਦਾ ਕੰਮ ਕਰਵਾਇਆ ਹੈ।

ਘਮੰਡੀਆਂ ਹੈਂਕੜੀਆਂ ਨੂੰ ਦੀਨ ਹੀਨ ਬਨਾਇਆ ਹੈ। ਖਿਮਾ ਸ਼ੀਲ ਤੇ ਆਪਣੇ ਵਿਰੁਧ ਸੁਣ ਸਕਣ ਵਾਲੇ ਸਹਿਣ-ਸ਼ੀਲ ਬਨਾਇਆ ਹੇ।

ਘਮੰਡੀ ਤੇ ਨਾਸ਼ੁਕਰੀ ਸੰਤਾਨ ਨੂੰ, ਦੀਨ ਸਰਧਾਵਾਨ ਤੇ ਕਿਰਤੱਗ ਤੇ ਮਾਤਾ ਪਿਤਾ ਭਗਤ ਸੇਵਾਕਾਰੀ ਸੰਤਾਨ ਬਨਾਇਆ ਹੈ। ਉਨ੍ਹਾਂ ਮਾਤਾ ਪਿਤਾ ਦੀ ਸੇਵਾ ਸਤਿਕਾਰ ਤੇ ਭਗਤੀ ਦੇ ਸਵਰਗੀ ਨਜ਼ਾਰੇ ਪੈਦਾ ਕੀਤੇ ਹਨ।

ਖੁਦਗਰਜ਼ਾ ਸਵਾਰਥੀਆਂ ਨੂੰ ਹਮਦਰਦ, ਸੇਵਾਕਾਰੀ ਤੇ ਪਰ ਉਪਕਾਰੀ ਬਨਾਇਆ ਹੈ। ਕੇਵਲ ਆਪਣੇ ਹੀ ਲਈ ਜੀਣ ਵਾਲਿਆਂ ਨੂੰ ਪਰ ਦੇ ਲਈ ਜੀਣ ਵਿੱਚ ਲਾਇਆ ਹੈ।

ਬੇਈਮਾਨਾਂ, ਚੋਰਾਂ, ਰਿਸ਼ਵਤ ਖੋਰਾਂ, ਠਗਾਂ ਤੇ ਧੋਖੇ ਬਾਜਾਂ ਨੂੰ ਈਮਾਨਦਾਰੀ ਦੇ ਭਾਵਾਂ ਦਾ ਅੰਮ੍ਰਿਤ ਪਿਲਾ ਕੇ ਉਨ੍ਹਾਂ ਨੂੰ ਹਾਨੀ ਪ੍ਰਾਪਤ ਜਨਾਂ ਦੇ ਪੈਰਾਂ ਵਿੱਚ ਡਿਗਾਇਆ ਹੈ, ਤੇ ਉਨ੍ਹਾਂ ਦੇ ਲੁੱਟੇ ਠੱਗੇ ਮਾਲ ਦੁਖੀ ਹਿਰਦਿਆ ਨਾਲ ਵਾਪਿਸ ਕਰਾਏ ਹਨ।

ਬਦਚਲਣਾਂ, ਚਰਿਤਰ ਹੀਨਾਂ, ਵੈਸ਼ਿਆ ਗਮਣੀ ਕਰਨ ਵਾਲੇ ਪਸ਼ਾਚਾ ਨੂੰ ਪਵਿੱਤਰ, ਭਰੋਸੇ ਜੋਗ, ਪਰਾਈਆਂ ਧੀਆਂ, ਭੈਣਾਂ ਲਈ ਸੇਵਾਕਾਰੀ, ਰਿਸ਼ੀ ਬਨਾਇਆ ਹੈ।

ਰੁਖੇ ਸੁਕੇ ਵੈਰਾਨ ਹਿਰਦਿਆਂ ਨੂੰ, ਆਪਣੇ ਦੇਵ ਰੂਪ ਦੇ ਵਿਸ਼ਵਾਸੀ, ਸ਼ਰਧਾ ਵਾਨ, ਕਿਰਤੱਗ ਤੇ ਆਪਦੇ ਅਦੁਤੀ ਪ੍ਰਭਾਵਾਂ ਦੇ ਕਦਰ ਦਾਨ ਤੇ ਚਾਹ ਵਾਨ ਬਨਾ ਕੇ ਉਨ੍ਹਾਂ ਨੂੰ ਆਪਣੇ ਲਾਸਾਨੀ ਮਿਸ਼ਨ ਦੇ ਬੇ-ਦਾਮ ਗੁਲਾਮ ਤੇ ਪਰਵਾਨੇ ਬਨਾਇਆ ਹੈ। ਉਨ੍ਹਾਂ ਤੋਂ ਮਰਦੀਆਂ ਰੂਹਾਂ ਨੂੰ ਬਚਾਉਣ ਦਾ ਅਦਭੁਤ ਕਾਰਜ ਕਰਾਇਆ ਹੈ। ਉੱਚ ਭਾਵਾਂ ਦੀ ਉਤਪਤੀ ਦੁਆਰਾ ਜੋ ਹਜਾਰਾਂ ਰੂਹਾਂ ਅੰਦਰ ਹਰਿਆਲੀ ਆਈ ਹੈ, ਬਹਾਰ ਆਈ ਹੈ, ਉਨ੍ਹਾਂ ਜੋ ਆਪਣੇ ਕਰਦਾਰ ਦੁਆਰਾ, ਇਸ ਧਰਤੀ ਨੂੰ ਸਵਰਗ ਬਨਾਇਆ ਉਸ ਸਭ ਦਾ ਬਿਆਨ ਨਹੀਂ ਹੋ ਸਕਦਾ। ਸ਼ਬਦਾਂ ਵਿੱਚ ਉਸ ਨੂੰ ਉਲੀਕਿਆ ਨਹੀਂ ਜਾ ਸਕਦਾ।

ਉਚ ਭਾਵਾਂ ਦੁਆਰਾ ਮਹਾਂ ਮਲੀਨ, ਦੁਰਬਲ, ਪਸ਼ਾਚ ਤੇ ਕੁਤਸਿਤ ਰੂਹਾਂ, ਅੰਦਰ ਜੋ ਜੋ ਪਵਿਤਰਤਾ, ਬਲ ਅਤੇ ਜੋ ਸਾਹਸ ਸੁੰਦਰਤਾ ਤੇ ਕੁਰਬਾਨੀ ਦੀ **Spirit** ਉਪਜਾਈ ਹੈ। ਉਹ ਜੋ ਉੱਚ ਸੁਖਾਂ ਤੇ ਰਸਾਂ ਦੀਆ ਪਾਕ ਖੁਸ਼ੀਆਂ ਦੇ ਭਾਗੀ ਬਣੇ ਹਨ, ਜੋ ਵਿਨਾਸ਼ ਦੇ ਭਿਆਣਕ ਦੁਖਾਂ ਤੋਂ ਮੁਕਤ ਹੋਏ ਹਨ, ਉਨ੍ਹਾਂ ਜੋ ਆਪਣੇ ਆਤਮਕ ਜੀਵਨ ਨੂੰ ਵਰਧਣ ਕੀਤਾ ਹੈ, ਜੋ ਇਸ ਲੋਕ ਅੰਦਰ, ਆਪਣੇ ਉੱਚ ਭਾਵਾਂ ਦੁਆਰਾ ਆਪਣਾ ਜੀਵਨ ਸੁਫਲ ਕੀਤਾ ਹੈ, ਜੋ ਆਪਣੇ ਪਰਲੋਕ ਨੂੰ ਸੁਫਲ ਕੀਤਾ ਹੈ, ਉਸ ਨਵ-ਜੀਵਨ ਪ੍ਰਾਪਤੀ ਦੀ ਸੁੰਦਰਤਾ ਦਾ ਬਿਆਨ ਕਰਨਾ ਅਤਿ ਕਠਣ ਹੈ।

ਕਾਸ਼! ਉੱਚ ਭਵਾਂ ਦੇ ਮਾਨਵ ਹਿਰਦਿਆਂ ਅੰਦਰ ਸੁੰਦਰ ਬਾਗ ਲਾਉਣ ਵਾਲੇ ਦੇਵ ਰੂਪ ਦੀ ਅਤੀ ਸੁੰਦਰ ਅਤੀ ਮਨੋਹਰ ਅਤੀ ਸਵਰਗੀ ਛਵੀ, ਸਾਡੇ ਹਿਰਦਿਆਂ ਸਾਵੇਂ ਆਸਕੇ ਅਤੇ ਉਸ ਦੇਵ ਰੂਪ ਨੂੰ ਲਖ ਲਖ ਸਜਦੇ ਕਰਕੇ ਅਸੀਂ ਸਰਸ਼ਾਰ ਹੋ ਸਕੀਏ।

ਜੈ ਉਚ ਭਾਵ ਉਤਪਾਦਕ,
ਜੈ ਉੱਚ ਗਤੀ ਦਾਤਾ,
ਪੂਰਨ ਆਤਮ ਵਿਕਾਸਕ,
ਜੈ ਜੀਵਨ ਦਾਤਾ।

ਅੱਗੇ ਦੇਵ ਸਤੋਤਰ ਵਿੱਚ ਫਰਮਾਇਆ ਹੈ :-

ਦੇਵ ਤੇਜ ਪ੍ਰਕਾਸ਼ ਕਮ
ਉੱਚ ਭਾਵ ਉਤਪਾਦ ਕਮ
ਉੱਚ ਰਾਗ ਉਤਪਾਦ ਕਮ
ਉਚ ਰੂਪ ਵਿਕਾਸ ਕਮ,
ਸ੍ਰੀ ਦੇਵ ਗੁਰੂ ਨਿਮੋ ਨਿਮੋ
ਸ੍ਰੀ ਦੇਵ ਗੁਰੂ ਨਿਮੋਂ ਨਿਮੋਂ

ਰੋਜ਼ਾਨਾ ਜੀਵਨ 'ਚ ਯਾਦ ਰੱਖੋ

– ਭਗਵਾਨ ਦੇਵਆਤਮਾ

ਮਾਤਾ ਪਿਤਾ ਅਤੇ ਉਨ੍ਹਾਂ ਦੇ ਬੱਚਿਆਂ ਦੇ ਸੰਬੰਧ ਵਿਚ

1. ਮਾਤਾ ਪਿਤਾ ਨੂੰ ਆਪਣੇ ਬੱਚਿਆਂ ਨੂੰ ਆਪਣੇ ਜਾਂ ਉਨ੍ਹਾਂ ਦੇ ਭਾਈ ਭੈਣ ਆਦਿ ਖਾਸ ਖਾਸ ਰਿਸ਼ਤੇਦਾਰਾਂ ਦੇ ਇਲਾਵਾ ਕਿਸੇ ਹੋਰ ਤੋਂ ਕਿਸੇ ਚੀਜ਼ ਦੇ ਮੰਗਣ ਦੀ ਕਦੇ ਆਗਿਆ ਨਹੀਂ ਦੇਣੀ ਚਾਹੀਦੀ।
2. ਮਾਤਾ ਨੂੰ ਆਪਣੇ ਬੱਚਿਆਂ ਨੂੰ ਬਚਪਨ ਤੋਂ ਹੀ ਲੋੜ ਵੇਲੇ ਦਵਾਈ ਖਾਣ ਦਾ ਅਭਿਆਸ ਕਰਾਉਣਾ ਚਾਹੀਦਾ ਹੈ।
3. ਮਾਤਾ ਪਿਤਾ ਨੂੰ ਆਪਣੇ ਬੱਚਿਆਂ ਨੂੰ ਇਹ ਸਿਖਾਉਣਾ ਜਰੂਰੀ ਹੈ ਕਿ ਉਹ ਕਿਸੇ ਬਹੁਤ ਜ਼ਰੂਰੀ ਲੋੜ ਤੇ ਬਿਨਾਂ ਬਾਹਰ ਦੇ ਕਿਸੇ ਜਨ ਦੇ ਸਾਹਮਣੇ ਉਨ੍ਹਾਂ ਤੋਂ ਕਦੇ ਕਿਸੇ ਚੀਜ਼ ਦੀ ਮੰਗ ਨਾ ਕਰਨ।
4- ਮਾਤਾ ਪਿਤਾ ਨੂੰ ਆਪਣੇ ਬੱਚਿਆਂ ਨੂੰ ਇਹ ਅਭਿਆਸ ਕਰਾਉਣਾ ਚਾਹੀਦਾ ਹੈ ਕਿ ਉਹ ਕਿਸੇ ਵੱਡੇ ਦੇ ਮਿਲਨ ਤੇ ਪ੍ਰਣਾਮ, ਨਮਸਕਾਰ ਅਤੇ ਸਲਾਮ ਆਦਿ ਨਾਲ ਉਨ੍ਹਾਂ ਦਾ ਚੰਗੀ ਤਰ੍ਹਾਂ ਸਨਮਾਨ ਕਰਨ।
5. ਮਾਤਾ ਪਿਤਾ ਨੂੰ ਆਪਣੇ ਬੱਚਿਆਂ ਨੂੰ ਵੱਡਿਆਂ ਦੀ ਸੇਵਾ ਅਤੇ ਛੋਟਿਆਂ ਦੀ ਸਹਾਇਤਾ ਕਰਨ ਦਾ ਅਭਿਆਸ ਕਰਾਉਣਾ ਚਾਹੀਦਾ ਹੈ।
6. ਮਾਤਾ ਪਿਤਾ ਨੂੰ ਚਾਹੀਦਾ ਹੈ ਕਿ ਉਹ ਚੁੰਡੀ ਵੱਢ ਕੇ ਜਾਂ ਕਿਸੇ ਨੂੰ ਕਿਸੇ ਦੇ ਚੁੰਡੀਆਂ ਵੱਢ ਕੇ ਜਾਂ ਕਿਸੇ ਜਨ ਨੂੰ ਕਿਸੇ ਹੋਰ ਤਰ੍ਹਾਂ ਨਾਲ ਛੇੜ ਕੇ ਜਾ ਸਤਾ ਕੇ, ਖੁਸ਼ੀ ਹਾਸਿਲ ਕਰਨ ਦਾ ਅਭਿਆਸੀ ਨਾ ਬਣਨ ਦੇਣ।
7. ਮਾਤਾ ਪਿਤਾ ਨੂੰ ਚਾਹੀਦਾ ਹੈ ਕਿ ਉਹ ਆਪਣੇ ਬੱਚਿਆਂ ਨੂੰ ਕਿਸੇ ਗੱਲ ਤੇ ਜਿਦ ਕਰਨ ਜਾਂ ਮਚਲ ਜਾਣ ਜਾਂ ਜ਼ਮੀਨ ਤੇ ਡਿੱਗ ਕੇ ਪੈਰ ਰਗੜਨ ਵਗ਼ੈਰਾ ਦਾ ਅਭਿਆਸੀ ਨਾ ਬਨਣ ਦੇਣ।
8. ਮਾਤਾ ਪਿਤਾ, ਦਾਦਾ ਦਾਦੀ, ਨਾਨਾ ਨਾਨੀ, ਮਾਮਾ ਮਾਮੀ, ਭਾਈ ਭੈਣ ਆਦਿ ਕਿਸੇ ਜਨ ਨੂੰ ਵੀ ਆਪਣੀ ਖੁਸ਼ੀ ਲਈ ਛੋਟੇ ਬੱਚਿਆਂ ਨੂੰ ਕਿਸੇ ਦੇ ਵਾਲ ਪੁੱਟਣਾ, ਕਿਸੇ ਨੂੰ ਮਾਰਨਾ ਅਤੇ ਗਾਲੀ ਦੇਣ ਜਾਂ ਕੋਈ ਬੁਰੀ ਗੱਲ ਜਾਂ ਝੂਠੀ ਜਾਂ ਵਿਰਥਾ ਗੱਲ ਬੋਲਣਾ ਨਹੀਂ ਸਿਖਾਉਣਾ ਚਾਹੀਦਾ।
9. ਮਾਤਾ ਪਿਤਾ ਨੂੰ ਆਪਣੇ ਬੱਚਿਆਂ ਨੂੰ ਖਰਾਬ ਖਾਣ ਪੀਣ ਦੇ ਸੰਬੰਧ ਵਿੱਚ ਸੰਜਮੀ ਬਣਾਉਣਾ ਚਾਹੀਦਾ ਹੈ।
10. ਮਾਤਾ ਪਿਤਾ ਨੂੰ ਆਪਣੇ ਬੱਚਿਆਂ ਨੂੰ ਖਰਾਬ ਮੁੰਡੇ ਜਾਂ ਖਰਾਬ ਕੁੜੀਆਂ ਨਾਲ ਖੇਡ੍ਹਣ ਨਹੀਂ ਦੇਣਾ ਚਾਹੀਦਾ।
11. ਮਾਤਾ ਪਿਤਾ ਨੂੰ ਆਪਣੇ ਬੱਚਿਆਂ ਨੂੰ ਆਪਣੇ ਘਰ ਦੀ ਜਾਂ ਕਿਸੇ ਹੋਰ ਦੀ ਚੀਜ਼ ਨੂੰ ਚੁਰਾ ਲੈਣ ਜਾਂ ਖਰਾਬ ਰਕਨ ਦਾ ਅਭਿਆਸੀ ਨਹੀਂ ਹੋਣ ਦੇਣਾ ਚਾਹੀਦਾ।
12. ਮਾਤਾ ਪਿਤਾ ਨੂੰ ਆਪਣੇ ਬੱਚਿਆਂ ਨੂੰ ਕਿਸੇ ਕੁੱਤੇ ਬਿੱਲੀ ਆਦਿ ਦੇ ਬੱਚੇ ਜਾਂ ਕਿਸੇ ਕੀੜੇ ਜਾਂ ਹੋਰ ਕਿਸੇ ਪਸ਼ੂ ਦੇ ਸੰਬੰਧ ਵਿੱਚ ਨਿਰਦਾਇਤਾ ਦਾ ਕੋਈ ਕੰਮ ਨਹੀਂ ਕਰਨ ਦੇਣਾ ਚਾਹੀਦਾ।

ਵੱਡਿਆਂ ਦੇ ਸੰਬੰਧ ਵਿੱਚ

1. ਜਦ ਕਦੀ ਅਪਣੇ ਕਿਸੇ ਵੱਡੇ ਨੂੰ ਬੁਲਾਉਣਾ ਹੋਵੇ, ਤਾਂ ਉਸਦਾ ਨਾਮ ਲੈਕੇ ਉਸ ਨੂੰ ਨਹੀ ਬੁਲਾਉਣਾ ਚਾਹੀਦਾ, ਅਰਥਾਤ ਆਪਣੇ ਮਾਤਾ ਪਿਤਾ, ਦਾਦਾ ਦਾਦੀ, ਨਾਨਾ ਨਾਨੀ, ਮਾਮਾ

ਮਾਮੀ, ਭੂਆ, ਮਾਸੀ, ਵੱਡੇ ਭਾਈ ਅਤੇ ਵੱਡੀ ਭੈਣ ਆਦਿ ਨੂੰ ਉਨ੍ਹਾਂ ਦੇ ਨਾਮ ਲੈਕੇ ਨਹੀਂ ਬੁਲਾਉਣ ਚਾਹੀਦਾ, ਸਗੋਂ ਪਿਤਾ ਜੀ ਮਾਤਾ ਜੀ, ਦਾਦਾ ਜੀ, ਦਾਦੀ ਜੀ, ਮਾਮਾ ਜੀ, ਭੂਆ ਜੀ, ਵਡੇ ਭਾਈ ਜੀ, ਭੈਣ ਜੀ ਆਦਿ ਕਹਿ ਕੇ ਸੰਬੋਧਨ ਕਰਨਾ ਜਾਂ ਬੁਲਾਉਣਾ ਚਾਹੀਦਾ ਹੈ। ਇਸ ਤੋਂ ਇਲਾਵਾ ਉਨ੍ਹਾਂ ਨੂੰ ਕਦੇ ਇਕ ਵਚਨ ਨਾਲ ਅਰਥਾਤ ਤੂੰ ਕਹਿਕੇ ਨਹੀਂ ਸੰਬੋਧਨ ਕਰਨਾ ਚਾਹੀਦਾ।

2. ਤੁਹਾਡੇ ਵੱਡੇ ਜਿਸ ਕਿਸੇ ਜਨ ਨੂੰ ਸਨਮਾਨ ਦਿੰਦੇ ਹੋਣ ਜਾਂ ਜੋ ਜਨ ਉਨ੍ਹਾਂ ਦੇ ਸਨਮਾਨ ਯੋਗ ਸਮਝੇ ਜਾਂਦੇ ਹੋਣ, ਉਨ੍ਹਾਂ ਨੂੰ ਵੀ ਉਨ੍ਹਾਂ ਦਾ ਸਿਰਫ ਨਾਮ ਲੈਕੇ ਨਹੀਂ ਬੁਲਾਉਣਾ ਚਾਹੀਦਾ।

3. ਆਪਣੇ ਦਾਦਾ ਦਾਦੀ ਅਤੇ ਮਾਤਾ ਪਿਤਾ ਨੂੰ ਖਾਸ ਕਰਕੇ ਅਤੇ ਘਰ ਦੇ ਹੋਰ ਵੱਡਿਆਂ ਨੂੰ ਵੀ ਹਰ ਰੋਜ਼ ਸੌਂ ਕੇ ਉੱਠਣ ਦੇ ਬਾਅਦ, ਪਹਿਲੀ ਵਾਰ ਮਿਲਣ ਤੇ ਹੱਥ ਜੋੜ ਕੇ ਅਤੇ ਸਿਰ ਨਿਵਾ ਕੇ ਪ੍ਰਣਾਮ ਕਰਨਾ ਚਾਹੀਦਾ ਹੈ ਅਤੇ ਯਥਾ ਅਵਸਰ ਉਨ੍ਹਾਂ ਦੀ ਕੁਸ਼ਲ ਪੁੱਛਣੀ ਚਾਹੀਦੀ ਹੈ।

4. ਜਿੱਥੇ ਤੱਕ ਹੋ ਸਕੇ ਮੂੰਹ ਅਤੇ ਹੱਥ ਸਾਫ ਕਰਕੇ ਅਤੇ ਸਿਰ ਅਤੇ ਦਾੜ੍ਹੀ ਦੇ ਵਾਲਾਂ ਨੂੰ ਕੰਘੀ ਕਰਕੇ ਅਤੇ ਸਾਫ ਕਪੜੇ ਪਾਕੇ ਵੱਡਿਆਂ ਦੇ ਸਾਮ੍ਹਣੇ ਜਾਣਾ ਚਾਹੀਦਾ ਹੈ।

5. ਵੱਡਿਆਂ ਦੇ ਸਾਹਮਣੇ ਪਹੁੰਚਣ ਤੇ ਪ੍ਰਣਾਮ ਆਦਿ ਦੇ ਬਾਅਦ ਚੁਪਚਾਪ ਸਨਮਾਨ ਪੂਰਵਕ ਖੜੇ ਰਹਿਣਾ ਚਾਹੀਦਾ ਹੈ ਅਤੇ ਜਦ ਤੱਕ ਉਹ ਆਗਿਆ ਨਾ ਦੇਣ, ਤਦ ਤੱਕ ਆਪ ਨਹੀਂ ਬੈਠਣਾ ਚਾਹੀਦਾ, ਸਿਵਾਏ ਇਸ ਦੇ ਕਿ ਉਨ੍ਹਾਂ ਨੇ ਇਸ ਵਿਸ਼ੇ ਵਿੱਚ ਪਹਿਲਾਂ ਤੋਂ ਹੀ ਕੋਈ ਆਗਿਆ ਦੇ ਰੱਖੀ ਹੋਵੇ।

6. ਕਿਸੇ ਵੱਡੇ ਪਾਸ ਜਰੂਰੀ ਵਕਤ ਤੋਂ ਜਿਆਦ ਐਵੇਂ ਹੀ ਬਿਰਥਾ ਬੈਠੇ ਜਾਂ ਖੜੇ ਰਹਿਣਾ ਨਹੀਂ ਚਾਹੀਦਾ।

7. ਵੱਡਿਆਂ ਦੇ ਸਾਹਮਣੇ ਆਪਣੇ ਕਿਸੇ ਗੁਪਤ ਅੰਗ ਨੂੰ ਛੂਹਣਾ, ਹੋਠ ਚੱਟਣਾ ਜਾਂ ਆਪਣੇ ਹੱਥਾ ਦੀਆਂ ਉਂਗਲੀਆਂ ਨੂੰ ਚਟਕਾਉਣਾ ਜਾਂ ਆਪਣੇ ਕਿਸੇ ਅੰਗ ਨੂੰ ਅਕਾਰਣ ਹਿਲਾਉਣਾ ਜੁਲਾਉਣਾ ਨਹੀਂ ਚਾਹੀਦਾ।

8. ਵੱਡਿਆਂ ਦੇ ਸਾਹਮਣੇ ਆਪਣੀਆਂ ਮੁੱਛਾਂ ਨੂੰ ਵੱਟ ਨਹੀਂ ਦੇਣਾ ਚਾਹੀਦਾ ਅਤੇ ਨਾ ਹੀ ਦਾੜ੍ਹੀ ਜਾਂ ਮੁੱਛਾਂ ਦੇ ਵਾਲਾਂ ਨੂੰ ਖਿੱਚਣਾ ਜਾਂ ਚਬਾਉਣਾ ਚਾਹੀਦਾ ਹੈ।

9. ਵੱਡਿਆਂ ਦੇ ਸਾਹਮਣੇ ਉਕੜੂ ਜਾਂ ਟੇਢੇ ਹੋਕੇ ਜਾਂ ਆਕੜ ਕੇ ਨਹੀ ਬੈਠਣਾ ਚਾਹੀਦਾ, ਅਤੇ ਨਾ ਹੀ ਉਨ੍ਹਾਂ ਦੇ ਮੂੰਹ ਦੀ ਤਰਫ ਆਪਣੀ ਪਿੱਠ ਫੇਰ ਕੇ ਬੈਠਣਾ ਜਾਂ ਖੜਾ ਹੋਣਾ ਚਾਹੀਦਾ ਹੈ।

10. ਵੱਡਿਆਂ ਦੇ ਕੋਲ ਜ਼ੋਰ ਨਾਲ ਖੰਘਣਾਂ, ਜਾਂ ਛਿੱਕਣਾ ਜਾਂ ਹੱਸਣਾਂ ਨਹੀ ਚਾਹੀਦਾ।

11. ਵੱਡਿਆਂ ਦੇ ਸਾਹਮਣੇ ਮੂੱਹ ਵਿੱਚ ਕੋਈ ਚੀਜ਼ ਪਾਕੇ ਜਾਂ ਕੋਈ ਹੋਰ ਚੀਜ਼ ਦੰਦਾਂ ਵਿੱਚ ਦਬਾ ਕੇ ਨਹੀਂ ਜਾਣਾ ਚਾਹੀਦਾ।

12. ਵੱਡਿਆਂ ਨੂੰ ਮਿਲਣ ਤੇ (ਹੱਥ ਮਿਲਾਉਣ ਦੀ ਵਿਧੀ ਗ੍ਰਹਿਣ ਕਰਨ ਤੇ) ਆਪ ਆਪਣੇ ਵਲੋਂ ਹੱਥ ਵਧਾਕੇ ਹੱਥ ਮਿਲਾਉਣ ਵਾਸਤੇ ਉਨ੍ਹਾਂ ਨੂੰ ਇਸ਼ਾਰਾ ਨਹੀਂ ਕਰਨਾ ਚਾਹੀਦਾ, ਪਰ ਜੇਕਰ ਉਹ ਆਪਣਾ ਹੱਥ ਵਧਾਉਣ ਤਾਂ ਅਧੀਨਗੀ ਨਾਲ ਆਪ ਵੀ ਆਪਣਾ ਹੱਥ ਵਧਾਕੇ ਹੱਥ ਮਿਲਾ ਲੈਣਾ ਚਾਹੀਦਾ ਹੈ।

13. ਬਿਨਾਂ ਕਿਸੇ ਖਾਸ ਆਗਿਆ ਦੇ ਕਿਸੇ ਛੋਟੇ ਬੱਚੇ ਨੂੰ ਗੋਦ ਵਿੱਚ ਜਾ ਨਾਲ ਲੈ ਕੇ ਕਿਸੇ ਵੱਡੇ ਨੂੰ ਮਿਲਣ ਵਾਸਤੇ ਨਹੀਂ ਜਾਣਾ ਚਾਹੀਦਾ।

14. ਕਿਸੇ ਵੱਡੇ ਦੇ ਸਾਹਮਣੇ ਬਹੁਤ ਜ਼ੋਰ ਨਾਲ ਖੰਘਣਾ ਜਾਂ ਖੰਘ ਕੇ ਐਵੇ ਹੀ ਥੁਕਣਾ ਨਹੀ ਚਾਹੀਦਾ।

15. ਜਦ ਕਿਸੇ ਵੱਡੇ ਦਾ ਫੁਲਾਂ ਦੇ ਹਾਰ ਨਾਲ ਅਰਚਣ ਜਾਂ ਸਨਮਾਨ ਪ੍ਰਦਰਸ਼ਨ ਕਰਨਾ ਹੋਵੇ

ਤਾਂ ਉਨ੍ਹਾਂ ਦੇ ਠੀਕ ਸਾਹਮਣੇ ਖੜੇ ਹੋਕੇ ਅਤੇ ਆਪਣੇ ਦੋਵਾਂ ਹੱਥਾਂ ਲਾਲ ਹਾਰ ਪਕੜ ਕੇ ਉਨ੍ਹਾਂ ਦੇ ਗਲੇ ਵਿੱਚ ਪਹਿਨਾਉਣਾ ਚਾਹੀਦਾ ਹੈ। ਇਹ ਹਾਰ ਪਾਣੀ ਨਾਲ ਭਿੱਜਿਆ ਹੋਇਆ ਅਤੇ ਮੈਲਾ ਅਤੇ ਕੁਮਲਾਏ ਹੋਏ ਅਤੇ ਬਦਬੂਦਾਰ ਫੁੱਲਾਂ ਦਾ ਬਣਿਆ ਹੋਇਆ ਨਾ ਹੋਵੇ, ਅਤੇ ਐਨਾ ਵੱਡਾ ਹੋਵੇ ਕਿ ਜਿਹੜਾ ਬਹੁਤ ਅਸਾਨੀ ਨਾਲ ਉਨ੍ਹਾਂ ਦੇ ਗਲ ਵਿੱਚ ਪਹਿਨਾਇਆ ਜਾ ਸਕਦਾ ਹੋਵੇ। ਹਾਰ ਪਹਿਨਾਉਣ ਦੇ ਬਾਅਦ ਉਨ੍ਹਾਂ ਨੂੰ ਝੁਕ ਕੇ ਪ੍ਰਣਾਮ ਕਰਨਾ ਚਾਹੀਦਾ ਹੈ।

16. ਕਿਸੇ ਖਾਸ ਕਾਰਣ ਦੇ ਇਲਾਵਾ ਵੱਡਿਆਂ ਦੇ ਸਾਹਮਣੇ ਫਟੇ ਜਾਂ ਮੈਲੇ ਕਪੜੇ ਜਾਂ ਆਪਣੇ ਕੁੜਤੇ ਜਾਂ ਕਮੀਜ਼ ਦੇ ਬਟਨ ਖੋਲ੍ਹ ਕੇ ਜਾਂ ਖੁੱਲ੍ਹੇ ਰੱਖ ਕੇ ਨਹੀਂ ਜਾਣਾ ਚਾਹੀਦਾ।

17. ਕਿਸੇ ਖਾਸ ਕਾਰਣ ਜਾਂ ਉਨ੍ਹਾਂ ਦੀ ਆਗਿਆ ਦੇ ਇਲਾਵਾ ਜਿੱਥੋਂ ਤੱਕ ਹੋ ਸਕੇ ਵੱਡਿਆਂ ਦੇ ਕੋਲ ਉਨ੍ਹਾਂ ਦੀ ਨਜ਼ਰ ਦੀ ਪਹੁੰਚ ਤੱਕ ਕਿਸੇ ਚਾਰਪਾਈ ਜਾਂ ਉੱਚੇ ਥਾਂ ਤੇ ਬੈਠਣਾਂ ਜਾਂ ਸੌਣਾ ਨਹੀਂ ਚਾਹੀਦਾ।

18. ਖਾਸ 2 ਮਾਨਯੋਗ ਜਨ ਜਿਥੋਂ ਤੱਕ ਕਿਸੇ ਜਗ੍ਹਾ ਤੇ ਦਿਖਾਈ ਦਿੰਦੇ ਹੋਣ, ਉੱਥੋਂ ਤੱਕ ਉਨ੍ਹਾਂ ਦੇ ਆਉਣ ਜਾਣ ਜਾਂ, ਖੜੇ ਹੋਣ ਦੇ ਵੇਲੇ, ਬਿਨਾਂ ਉਨ੍ਹਾਂ ਦੀ ਕਿਸੇ ਖਾਸ ਆਗਿਆ ਤੋਂ, ਆਪ ਬੈਠੇ ਜਾਂ ਲੇਟੇ ਰਹਿਣਾ ਨਹੀਂ ਚਾਹੀਦਾ। ਜੇਕਰ ਤੁਸੀ ਉਸ ਵਕਤ ਬੈਠੇ ਜਾਂ ਲੇਟੇ ਹੋਏ ਹੋ ਤਾਂ ਜਿਸਮਾਨੀ ਸਿਹਤ ਤੇ ਤਾਕਤ ਰੱਖਣ ਤੇ ਉਨ੍ਹਾਂ ਨੂੰ ਵੇਖਦਿਆਂ ਸਾਰ ਹੀ (ਚਾਹੇ ਉਹ ਤੁਹਾਥੋਂ ਦੂਰ ਵੀ ਹੋਣ) ਤੁਹਾਨੂੰ ਖੜੇ ਹੋ ਜਾਣਾ ਚਾਹੀਦਾ ਹੈ।

19. ਆਗਿਆ ਲੈਣ ਤੋਂ ਬਿਨਾਂ ਕਿਸੇ ਵੱਡੇ ਦੇ ਘਰ ਜਾਂ ਕਮਰੇ ਵਿੱਚ ਐਵੇਂ ਹੀ ਦਾਖਿਲ ਨਹੀਂ ਹੋਣਾ ਚਾਹੀਦਾ।

20. ਜਦ ਕੋਈ ਵੀ ਜਨ ਤੁਹਾਡੇ ਕੋਲ ਆਵੇ, ਤਾਂ ਤੁਹਾਨੂੰ ਆਪ ਹੀ ਖੜੇ ਹੋ ਜਾਣਾ ਚਾਹੀਦਾ ਹੈ ਅਤੇ ਉਨ੍ਹਾਂ ਦੇ ਬੈਠਣ ਲਈ ਕੋਈ ਬੈਠਣ ਦੀ ਚੀਜ ਦੇਕੇ ਅਤੇ ਉਨ੍ਹਾਂ ਦੇ ਬੈਠ ਜਾਣ ਦੇ ਬਾਅਦ ਵਿੱਚ ਆਪ ਬੈਠਣਾ ਚਾਹੀਦਾ ਹੈ।

21. ਵੱਡਿਆਂ ਦੇ ਕੋਲ ਜਾਕੇ ਇਧਰ ਉਧਰ ਨਹੀ ਦੇਖਣਾ ਚਾਹੀਦਾ, ਸਗੋਂ ਜਿੱਥੋਂ ਤੱਕ ਹੋ ਸਕੇ, ਉਨ੍ਹਾਂ ਵੱਲ ਹੀ ਵੇਖਣਾ ਚਾਹੀਦਾ ਹੈ ਅਤੇ ਉਨ੍ਹਾਂ ਦੀ ਹਰੇਕ ਗੱਲ ਨੂੰ ਬਹੁਤ ਧਿਆਨ ਦੇਕੇ ਸੁਣਨਾ ਚਾਹੀਦਾ ਹੈ।

22. ਵੱਡਿਆਂ ਦੇ ਕੋਲ ਜਾਕੇ ਉਨ੍ਹਾਂ ਨੂੰ ਆਪਣੀ ਜ਼ਰੂਰੀ ਗੱਲ ਜ਼ਰੂਰ ਸੁਣਾਉਣੀ ਚਾਹੀਦੀ ਹੈ, ਅਤੇ ਜਿਥੋ ਤੱਕ ਹੋ ਸਕੇ ਆਪਣੇ ਆਪ ਬਹੁਤ ਬੋਲਣ ਜਾਂ ਜਿਆਦਾ ਵਿਸਥਾਰ ਨਾਲ ਕੋਈ ਕਥਨ ਕਰਣ ਤੋਂ ਬਚੇ ਰਹਿਣਾ ਚਾਹੀਦਾ ਹੈ।

23. ਜਦ ਕੋਈ ਵੱਡਾ ਬੁਲਾਵੇ ਤਾਂ 'ਜੀ ਹਾਂ' ਆਇਆ ਜੀ ਆਇਆ ਮਹਾਰਾਜ, ਆਇਆ ਸਾਹਿਬ, ਆਇਆ ਜਨਾਬ, ਆਦਿ ਕਹਿ ਕੇ ਉੱਤਰ ਦੇਣਾ ਚਾਹੀਦਾ ਹੈ। ਬਾਤ ਚੀਤ ਦੇ ਵੇਲੇ ਉਨ੍ਹਾਂ ਦੀ ਗੱਲ ਠੀਕ ਸਮਝਣ ਤੇ ਜੀ ਹਾਂ, ਨਿਸੰਦੇਹ, ਠੀਕ ਹੈ, ਐਸਾ ਹੀ ਹੈ, ਬਜਾ ਹੈ, ਦਰੁਸਤ ਹੈ, ਆਦਿ ਕਹਿ ਕੇ ਉਨ੍ਹਾਂ ਦੀ ਤਾਈਦ ਕਰਨੀ ਚਾਹੀਦੀ ਹੈ ਅਤੇ ਜਿੱਥੇ ਕਿਤੇ ਉਨ੍ਹਾਂ ਦੀ ਕੋਈ ਗੱਲ ਠੀਕ ਪ੍ਰਤੀਤ ਨਾ ਹੋਵੇ, ਉੱਥੋਂ ਚੁੱਪ ਰਹਿਣਾ ਚਾਹੀਦਾ ਹੈ।

24. ਮਾਨਯੋਗ ਵੱਡਿਆ ਦੇ ਸਾਹਮਣੇ ਬਹੁਤ ਛੇਤੀ ਛੇਤੀ ਅਤੇ ਬਿਰਥਾ ਗੱਲ ਬਾਤ ਨਹੀਂ ਕਰਨੀ ਚਾਹੀਦੀ।

25. ਵੱਡੇ ਜਨ ਜਦੋਂ ਗੱਲ ਬਾਤ ਕਰਦੇ ਹੋਣ ਤਾਂ ਵਿਚੋ ਉਨ੍ਹਾਂ ਦੀ ਕਿਸੇ ਗੱਲ ਨੂੰ ਕੱਟ ਕੇ ਕੁਝ ਨਹੀਂ ਬੋਲਣਾ ਚਾਹੀਦਾ।

26. ਵੱਡਿਆ ਦੇ ਖਿਲਾਫ ਜਦੋਂ ਕੋਈ ਗੱਲ ਕਹਿਣੀ ਹੋਵੇ, ਤਾਂ ਉਸ ਨੂੰ ਜਿੱਥੋਂ ਤੱਕ ਹੋ ਸਕੇ, ਬਹੁਤ ਪ੍ਰੀਤੀ ਭਰੇ ਸ਼ਬਦਾਂ ਵਿਚ ਨਰਮੀ ਨਾਲ ਬਿਨਾ ਬਨਾਵਟ ਦੇ ਸਾਫ ਅਤੇ ਸਰਲ ਰੂਪ ਨਾਲ ਕਹਿਣਾ ਚਾਹੀਦਾ ਹੈ।

ਖਿਮਾਂ ਮੰਗਣਾ ਵਿਗੜੀ ਨੂੰ ਸੁਆਰਦਾ ਹੈ।

ਇਕ ਵੇਰ ਮੈਂ ਬਾਜਾਰ ਵਿੱਚ ਖਲੋਤਾ ਸਾਂ। ਮੈਂ ਦੇਖਿਆ ਕਿ ਇਕ 13-14 ਸਾਲ ਦਾ ਬੱਚਾ ਨਵੀਂ ਨਵੀਂ ਸਾਇਕਲ ਸਿੱਖ ਰਿਹਾ ਹੈ। ਉਹ ਜੋਸ਼ ਵਿੱਚ ਸਾਇਕਲ ਨੂੰ ਕਦੀ ਏਧਰ ਕਦੀ ਉਧਰ ਭਜਾਈ ਫਿਰਦਾ ਹੈ। ਥੋੜੀ ਦੇਰ ਵਿੱਚ ਮੈਂ ਦੇਖਿਆ ਕਿ ਉਹ ਬਹੁਤ ਘਬਰਾਇਆ ਹੋਇਆ ਸੀ ਅਤੇ ਬਹੁਤ ਤੇਜ ਸਾਈਕਲ ਚਲਾ ਰਿਹਾ ਸੀ, ਅਤੇ ਉਸ ਪਿੱਛੇ ਕੁਝ ਜਨ ਪੈਦਲ ਭੱਜੇ ਆ ਰਹੇ ਸਨ। ਬਾਜਾਰ ਦੀ ਭੀੜ ਵਿੱਚ ਉਨ੍ਹਾਂ ਉਸ ਮੁੰਡੇ ਨੂੰ ਫੜ ਲਿਆ, ਸਾਈਕਲ ਤੋਂ ਉਤਾਰ ਲਿਆ, ਬਾਹ ਮਰੋੜ ਲਈ। ਏਨੇ ਨੂੰ ਬਾਜਾਰ ਦੀ ਭੀੜ ਅਕੱਠੀ ਹੋ ਗਈ। ਪਤਾ ਲੱਗਾ ਕਿ ਉਹ ਮੁੰਡਾ ਇਕ ਛੋਟੇ ਬੱਚੇ ਨੂੰ ਸਾਈਕਲ ਥੱਲੇ ਰੋਂਦ ਕੇ ਆਇਆ ਹੈ। ਭੀੜ ਵਿੱਚ ਕੁਝ ਇਕ ਉਸ ਫੜੇ ਹੋਏ ਮੁੰਡੇ ਨੂੰ ਨ ਕੁੱਟਣ ਦੀ ਅਪੀਲ ਕਰ ਰਹੇ ਸਨ। ਇਸ ਨਾਲ ਮੁੰਡੇ ਪਿੱਛੇ ਭੱਜਣ ਵਾਲੇ ਹੋਰ ਭੂਹੇ ਹੋਕੇ ਬੋਲੇ। ਤੁਹਾਡੇ ਪੁੱਤਰ ਨੂੰ ਜੇ ਇਸ ਲਿਤਾੜਿਆ ਹੁੰਦਾ ਤਾਂ ਪਤਾ ਲਗਦਾ। ਹੁਨ ਕਹਿਣਾ ਸੌਖਾ ਹੈ। ਬੱਸ ਪਿੱਛੇ ਭਜਣ ਵਾਲਿਆਂ ਨੇ ਅਜੇ ਉਸ ਨੂੰ ਇਕ ਦੋਹੀ ਜੜੀਆਂ ਸੀ ਕਿ ਕਿਸੇ ਨੇ ਮੁੰਡੇ ਦੀ ਕੰਨੀ ਮੁਆਫੀ ਮੰਗਣ ਦੀ ਸਲਾਹ ਪਾ ਦਿੱਤੀ।ਮੁੰਡੇ ਨੇ ਦੋਨੋ ਹੱਥ ਜੋੜ ਕੇ ਆਪਣੀ ਗ਼ਲਤੀ ਦੀ ਮੁਆਫੀ ਮੰਗਣੀ ਸ਼ੁਰੂ ਕਰ ਦਿੱਤੀ। ਉਸ ਦਾ ਜਾਦੂ ਵਰਗਾ ਅਸਰ ਹੋਇਆ। ਮਾਰਣ ਵਾਲਿਆਂ ਦੇ ਹੱਥ ਰੁਕ ਗਏ। ਉਨ੍ਹਾਂ ਨੇ ਹੱਥੋਂ ਡੰਡਾ ਛਿੱਤਰ ਚਪਲ ਆਦਿ ਸੁੱਟ ਦਿੱਤੇ। ਉਭਲਿਆ ਵਾਤਾਵਰਨ ਇਕ ਦਮ ਸ਼ਾਂਤ ਹੋ ਗਿਆ। ਮਾਰਨ ਵਾਲੇ ਸ਼ਾਂਤ ਹੋ ਕੇ ਟੁਰ ਪਏ। ਭੀੜ ਇਕ ਦਮ ਤਿੱਤਰ ਬਿੱਤਰ ਹੋ ਗਈ। ਤੇ ਮੁਡੰਾ ਆਪਣਾ ਸਾਈਕਲ ਸੰਭਾਲਦਾ ਬੇਖ਼ੌਫ ਆਪਣੇ ਘਰ ਨੂੰ ਟੁਰ ਪਿਆ। ਬਿਗਾਨਿਆਂ ਦੀ ਅਪੀਲ ਨੇ ਜੋ ਗੁੱਥੀ ਨ ਸੁਲਝਾਈ, ਉਹ ਅਪਰਾਧੀ ਦੇ ਮੁਆਫੀ ਮੰਗਣ ਨਾਲ ਫੋਰੇ ਵਿੱਚ ਸੁਲਝ ਗਈ।

ਗਲਤੀ ਭਲਾ ਕਿਸ ਤੋਂ ਨਹੀਂ ਹੁੰਦੀ? ਐਪਰ ਇਕ ਗਲਤੀ ਕਰਨ ਪਿਛੋਂ, ਦੂਜੀ ਉਸ ਨੂੰ ਨ ਮੰਨਣ ਦੀ, ਤੀਜੀ ਢੀਠਤਾ ਜਤਲਾਉਣ ਦੀ ਚੌਥੀ ਆਪਣੇ ਆਪ ਨੂੰ ਨਿਰਦੋਸ਼ ਸਿੱਧ ਕਰਨ ਦੀ। ਇਸ ਪ੍ਰਕਾਰ ਇਕ ਤੋਂ ਬਾਅਦ ਕਈ ਗਲਤੀਆਂ ਕਰਕੇ, ਜਿੱਥੇ ਅਸੀਂ ਆਪਣੇ ਦਿਲ ਤੇ ਬੋਝ ਲੈ ਲੈਂਦੇ ਹਾਂ, ਉਥੇ ਚੰਗੇ ਭਲੇ ਆਦਮੀ ਆਪਣੇ ਸਬੰਧਾਂ ਵਿੱਚ ਵੀ ਦਰਾਰਾਂ ਪਾ ਲੈਂਦੇ ਹਨ।

ਖੁਲ੍ਹੇ ਮਨੋਂ ਗਲਤੀ ਸਵੀਕਾਰ ਕਰ ਲੈਣਾ, ਅੱਗੇ ਤੋਂ ਬਹੁਤ ਸਾਵਧਾਨ ਰਹਿਣ ਦਾ ਕਰਾਰ ਕਰਨਾ ਜਿੱਥੇ ਆਪਣੇ ਹਿਰਦੇ ਦੀ ਨਿਰਮਲਤਾ ਦਰਸ਼ਾਉਂਦਾ ਹੈ, ਉਥੇ ਆਪਸੀ ਸਬੰਧਾਂ ਵਿੱਚ ਤ੍ਰੇੜਾਂ ਪੈਣ ਨਹੀਂ ਦਿੰਦਾ।

ਸੱਚੇ ਤੇ ਸਰਲ ਦਿਲ ਨਾਲ ਆਪਣੀ ਗਲਤੀ ਸਵੀਕਾਰ ਕਰਕੇ, ਮੰਗੀ ਮੁਆਫੀ ਬੜਾ ਵਡਾ ਅਸਰ ਰਖਦੀ ਹੈ। ਉਹ ਵਿਅਕਤੀ ਦੇ ਉਦਾਰ ਮਨ ਤੇ ਉਦਾਰ ਚਰਿਤਰ ਦੀ ਸੂਚਕ ਹੁੰਦੀ ਹੈ।

ਆਪਣੀ ਗਲਤੀ ਨੂੰ ਮਨਣਾ ਸੂਰਮਤਾਈ ਤੇ ਬਹਾਦਰੀ ਹੈ, ਅਤੇ ਆਪਣੀ ਗਲਤੀ ਦੀ ਖੁਲ ਦਿਲੀ ਨਾਲ ਮੁਆਫੀ ਮੰਗਣਾ ਮਹਾਣਤਾ ਵਿੱਚ ਸ਼ਾਮਲ ਹੈ।

"ਮੈਨੂੰ ਮੁਆਫ ਕਰੋ, ਖਿਮਾਂ ਕਰੋ, ਮੈਂਥੋ ਗਲਤੀ ਹੋ ਗਈ, ਭੁਲ ਹੋ ਗਈ"। ਇਹ ਛੋਟੇ ਛੋਟੇ ਵਾਕ ਉਸ ਢੇਰ ਸਾਰੀ ਖਟਾਸ ਤੇ ਕੁੜੱਤਨ ਨੂੰ ਭੁਲਾ ਦੇਣ ਦੀ ਸਮਰਥ ਰਖਦੇ ਹਨ ਜੋ ਕਦੀ ਸਾਡੇ ਸਬੰਧਾਂ ਵਿੱਚ ਕਿਸੇ ਕਾਰਨ ਘੁਲ ਗਈ ਸੀ। ਇਹ ਕਥਣ ਸਬੰਧਾਂ ਨੂੰ ਫੇਰ ਸੁਧਾਰ ਉਨ੍ਹਾਂ ਚ ਮਿੱਠਤ ਸੰਚਾਰ ਕਰ ਦਿੰਦੇ ਹਨ।

ਇਕ ਵੇਰ ਮੈਂ ਇਕ ਵੱਡੀ ਬੱਸ ਕੰਪਨੀ ਦੇ

ਮੈਨੇਜਿੰਗ ਡਾਇਰੈਕਟਰ ਪਾਸ ਬੈਠਾ ਸੀ, ਕਿ ਇੱਕ ਡਾਇਰੈਕਟਰ (ਕੰਪਣੀ ਦੇ ਹਿੱਸੇਦਾਰ) ਆ ਕੇ ਬੜੇ ਹੀ ਲੋਹੇ ਲਾਖੇ ਹੋਣ ਲੱਗ ਪਏ। ਉਨ੍ਹਾਂ ਦੇ ਪੁਤਰ ਦਾ ਪਹਿਲੇ ਦਿਨ ਵਿਆਹ ਸੀ। ਬਰਾਤ ਲਈ ਲੋੜੀਂਦੀ ਬਸ ਤੇ ਡਰਾਇਵਰ ਦੀ ਸਹਾਇਤਾ ਸਮੇਂ ਸਿਰ ਪੁੱਜਣ ਵਿੱਚ ਕੋਈ ਵਿਘਣ ਪੈ ਗਿਆ ਸੀ। ਜਿਸ ਦਾ ਡਾਇਰੈਕਟਰ ਸਾਹਿਬ ਨੂੰ ਵੱਡਾ ਗਿਲਾ ਸੀ। ਉਹ ਆਪਣੇ ਸ਼ਿਕਵੇ ਨੂੰ ਕਾਫੀ ਸਖਤ ਟੋਨ ਤੇ ਲਹਿਜੇ ਵਿੱਚ ਮੈਨੇਜਿੰਗ ਡਾਇਰੈਕਟਰ ਸਾਹਿਬ ਕੋਲ ਰਖ ਰਹੇ ਸਨ ਅਤੇ ਆਪਣੇ ਅਧਿਕਾਰਾਂ ਨੂੰ ਜਤਾਂ ਰਹੇ ਸਨ। ਆਪਣਾ ਹੋਇਆ ਰਿਸ਼ਤੇਦਾਰਾਂ ਵਿੱਚ ਅਪਮਾਨ ਜਤਾ ਰਹੇ ਸਨ। ਮੈਂ ਕੀ ਵੇਖਿਆ ਕਿ ਮੇਰੇ ਸਾਹਮਣੇ ਮੈਨੇਜਿੰਗ ਡਾਇਰੈਕਟਰ ਸਾਹਿਬ ਨੇ ਆਪਣੀ ਕੋਈ ਸਫਾਈ ਪੇਸ਼ ਨਹੀਂ ਕੀਤੀ ਤੇ ਕੋਈ ਹਾਰ ਨ ਕੀਤੀ, ਕੋਈ ਹਿੰਮਾ ਨਾ ਕੀਤੀ। ਆਪਣੀ ਪਗੜੀ ਉਤਾਰ ਕੇ ਸਾਥੀ ਡਾਇਰੈਕਟਰ ਦੇ ਪੈਰਾਂ ਤੇ ਧਰਣ ਲਈ ਅੱਗੇ ਕਰ ਦਿੱਤੀ। ਬਸ ਫੇਰ ਕੀ ਸੀ। ਸਾਰਾ ਵਾਤਾਵਰਨ ਬਦਲ ਗਿਆ। ਡਾਇਰੈਕਟਰ ਸਾਹਿਬ ਬਹੁਤ ਠੰਡੇ ਪੈ ਗਏ ਤੇ ਪਿਆਰ ਮਿੱਤਰਤਾ ਦਾ ਮਾਹੌਲ ਬਣ ਗਿਆ। ਦੋਨੇ ਖੁਸ਼ੀ ਸਨ। ਮੇਰਾ ਦਿਲ ਸਤਿਕਾਰ ਨਾਲ ਭਰ ਗਿਆ ਕਿ ਮੁਖ ਮੰਤਰੀਆਂ ਦੇ ਯਾਰ ਬਾਸ਼, ਕਿਵੇਂ ਆਪਣੀ ਇਕ ਭੁੱਲ ਨੂੰ ਸਵੀਕਾਰਕੇ ਤੇ ਨਿਰਸੰਕੋਚ ਮੁਆਫੀ ਮੰਗਦੇ ਹਨ।

ਕੋਈ ਵੀ ਅਨਬਣ, ਜਾਂ ਦਰਾੜ ਜੋ ਕਿਸੇ ਕਾਰਨ ਸਬੰਧਾਂ ਵਿਚਕਾਰ ਆ ਗਈ ਹੋਵੇ, ਉਹ ਸਾਡੇ ਮਨ ਦਾ ਬੋਝ ਤੇ ਅਸ਼ਾਂਤੀ ਦਾ ਕਾਰਨ ਬਣ ਜਾਂਦੀ ਹੈ। ਸਾਲਾਂ ਬਾਅਦ ਬਣੇ ਮਿੱਠੇ ਸਬੰਧ ਇਕ ਥੋੜੀ ਜਹੀ ਭੁੱਲ ਦੇ ਕਾਰਨ ਛਿੰਨ ਭਿੰਨ ਹੋ ਜਾਂਦੇ ਹਨ। ਅਜਿਹੇ ਵਿਚ ਜੇਕਰ ਇਸ ਅਨਬਣ ਅਸ਼ਾਂਤੀ ਤੇ ਅਸੌਖ ਨੂੰ ਜੜੋਂ ਕਟ ਸੁਟਣਾ ਹੋਵੇ ਤਾਂ, ਉਸ ਸਮੇਂ ਆਪਣੀ ਗਲਤੀ ਨੂੰ ਸਵੀਕਾਰ ਕਰ ਲੈਣਾ ਹੀ ਸਹੀ ਤਰੀਕਾ ਹੈ। ਗਲਤੀ ਮਨਣ ਨਾਲ, ਹਾਨੀ ਪ੍ਰਾਪਤ ਜਨ ਦਾ ਮਾਨਸਕ ਤਨਾਂਵ ਝੱਟ ਢਿੱਲਾ ਹੋ ਜਾਂਦਾ ਹੈ। ਹਿਰਦਿਆਂ ਤੋਂ ਮਨਾਂ ਭਾਰ ਉਤਰ ਜਾਂਦਾ ਹੈ। ਸਾਹਮਣੇ ਵਾਲੇ ਦਾ ਧਿਆਨ ਵੀ ਆਪਣੀ ਕਿਸੇ ਵਧੀਕੀ ਵਲ ਚਲਾ ਜਾਂਦਾ ਹੈ। ਪਾਰਾ ਠੰਡਾ ਪੈ ਜਾਂਦਾ ਹੈ। ਮੇਲ ਮਿਲਾਪ ਤੇ ਪਿਆਰ ਫੇਰ ਹਾਵੀ ਹੋ ਜਾਂਦਾ ਹੈ।

ਇਹ ਕਹਿਣਾ ਤਾਂ ਬੜਾ ਸੌਖਾ ਹੈ ਕਿ ਗਲਤੀ ਕਰਕੇ ਜਾਂ ਹੋ ਜਾਂਣ ਤੇ ਮੁਆਫੀ ਮੰਗ ਲੈਣ ਵਿੱਚ ਕੀ ਹਰਜ਼ ਹੈ। ਕੀ ਹਿਚਕਚਾਹਟ ਹੈ? ਸਚਾਈ ਇਹ ਹੈ ਕਿ ਮੁਆਫੀ ਮੰਗ ਲੈਣਾ ਕੋਈ ਸਹਿਜ ਗਲ ਨਹੀਂ। ਇਸ ਨਾਲ ਸਾਡਾ ਅਹੰ, ਸਾਡੀ ਮੈਂ ਆਹਤ ਹੁੰਦੇ ਹਨ। ਲਗਦਾ ਹੈ ਕਿ ਅਸੀਂ ਅਪਰਾਧੀ ਬਣਾ ਦਿੱਤੇ, ਅਸੀਂ ਛੋਟੇ ਹੋ ਗਏ, ਸਾਡਾ ਅਪਮਾਨ ਹੋ ਗਿਆ। ਅਜਿਹੀ ਸੋਚ ਮੁਆਫੀ ਮੰਗਣ ਲਈ ਜੁਬਾਨ ਨੂੰ ਖੁਲਣ ਨਹੀਂ ਦਿੰਦੀ। ਮਨ ਨੂੰ ਬੜੀ ਵੇਦਨਾ ਜਹੀ ਹੁੰਦੀ ਹੈ। ਪਰ ਇਹ ਸੱਚ ਹੈ ਕਿ ਇਕ ਵੇਰ ਹੌਸਲਾ ਕਰਕੇ, ਅਪਮਾਨ ਹੋਨ ਦੇ ਤੌਖਲੇ ਦਾ ਕਸ਼ਟ ਸਹਿਣ ਦੀ ਹਿੰਮਤ ਕਰ ਕੇ ਮੁਆਫੀ ਮੰਗ ਲੈਈਏ ਤਾਂ ਲੱਗਦਾ ਹੈ, ਮਨ ਠਰ ਗਿਆ, ਮਨਾਂ ਬੋਝ ਹੌਲਾ ਹੋ ਗਿਆ। ਤੂਫਾਨ ਦਾ ਜਵਾਰ ਭਾਟਾ ਸ਼ਾਂਤ ਹੋ ਗਿਆ। ਮਨ ਤੇ ਸਵਾਰ ਅਪਰਾਧ ਭਾਵਨਾ ਦਾ ਡਰ ਸਭ ਦੂਰ ਹੋ ਗਏ।

ਜਿਸ ਉਦਾਰਤਾ ਨਾਲ ਅਫਸੋਸ ਤੇ ਮੁਆਫੀ ਵਿਅਕਤ ਕੀਤੀ ਗਈ, ਉਹ ਉਦਾਰਤਾ ਆਪਣੀ ਬਾਰੀ ਵਿੱਚ ਵੀ ਦੂਜਿਆਂ ਦੀਆਂ ਭੁਲਾਂ, ਗੁਲਤੀਆਂ ਤੇ ਵਡੀਆਂ ਹਾਨੀਆਂ ਮੁਆਫ ਕਰਨ ਦੀ ਜੋਗਤਾ ਪ੍ਰਾਪਤ ਕਰ ਲੈਂਦੀ ਹੈ।

ਦੂਜਿਆਂ ਨੂੰ ਈਮਾਨਦਾਰੀ ਦਾ ਪਾਠ ਪੜਾਉਣ ਤੋਂ ਪਹਿਲਾ ਸਾਨੂੰ ਖੁਦ ਈਮਾਨਦਾਰ ਹੋਣਾ ਚਾਹੀਦਾ ਹੈ। ਸਾਥੋਂ ਕੋਈ ਭੁਲ, ਅਪਰਾਧ ਜਾਂ ਅਵੱਗਿਆ ਹੋਈ ਹੈ ਜਾਂ ਨਹੀਂ, ਦੂਜੇ ਇਸ ਨੂੰ ਜਾਨਣ ਜਾਂ ਨ ਜਾਨਣ। ਸਾਨੂੰ ਤਾਂ ਆਪਣੀ ਗਲਤੀ ਦਾ ਬਖੂਬੀ ਪਤਾ ਹੁੰਦਾ ਹੈ। ਤਦ ਆਪਣੀ ਗਲਤੀ ਛੁਪਾਉਣ ਦਾ ਨਿਕੰਮਾ ਪਣ ਕਰਕੇ ਬੇ ਅਰਥ ਦਿਲ ਦਾ ਬੋਝ ਢੋਣ ਦਾ ਕੀ ਫਾਇਦਾ! ਗਲਤੀ ਹੋ ਗਈ। ਸਭ ਤੋਂ ਹੁੰਦੀ ਹੈ। ਹਾਂ ਅੱਗੇ ਤੋਂ ਚੋਕਸ ਰਹਾਂਗੇ, ਫੇਰ ਨਹੀਂ ਕਰਾਂਗੇ। ਜਦ ਹੁਣ ਮਨ ਵਿਖੇ ਇਹ

ਧਾਰ ਹੀ ਲਿਆ, ਫੇਰ ਖੁਲ੍ਹੇ ਆਮ, ਗ਼ਲਤੀ ਨੂੰ ਸਵੀਕਾਰ ਕਰਨ ਵਿੱਚ ਕੀ ਹਿੱਚਕਚਾਹਟ?

ਜੋਵਿਅਕਤੀ ਸੁਲਝੇ ਦਿਲ ਦਿਮਾਗ ਦਾ ਹੋਵੇ ਗਾ, ਉਹ ਖੁਲੇ ਵਿਚਾਰਾਂ ਦਾ ਵੀ ਹੋਵੇਗਾ। ਗ਼ਲਤੀ ਕਰ ਵੀ ਦੇਵੇਗਾ ਤਾਂ ਮੁਆਫੀ ਵੀ ਝਟ ਮੰਗ ਲਵੇਗਾ ਆਪਣੇਸਾਥੀਆਂ ਵਿੱਚ ਹਰ ਮਨ ਪਿਆਰਾ ਵੀ ਰਹੇ ਗਾ, ਅਤੇ ਆਪਣੇ ਸਬੰਧਾਂ ਦੀ ਮਿਠਾਸ ਵੀ ਬਰਕਰਾਰ ਰੱਖੇਗਾ। ਇਕ ਅਜਿਹਾ ਵਿਅਕਤੀ ਟਾਲਮਟੋਲ ਨਹੀਂ ਕਰਦਾ, ਨ ਹੀ ਬੇਲੋੜੇ ਬਹਾਨੇ ਬਨਾ ਕੇ ਆਪਣੀ ਭੁਲ ਨੂੰ ਹੀ ਸਿੱਧ ਕਰਨ ਦਾ ਜਤਨ ਹੀ ਕਰਦਾ ਹੈ। ਨ ਹੀ ਉਹ ਭੁੱਲ ਆਪਣੀ ਨਹੀਂ ਸਮੇਂ ਦੀ, ਸੱਥਿਤੀ ਦੇ ਕਾਰਨ ਦਸ ਕੇ ਦੂਜਿਆ ਤੇ ਥੋਪਦਾ ਫਿਰਦਾ ਹੈ। ਉਹ ਸਾਫ ਸਾਫ ਬਿਨਾਂ ਸਾਹਮਣੇ ਵਾਲੇ ਨੂੰ ਖਿਜਾਏ, ਉਹ ਜਤਲਾ ਦਿੰਦਾ ਹੈ ਕਿ ਉਸ ਤੋਂ ਭੁਲ ਹੋ ਗਈ, ਉਸ ਨੂੰ ਇਸ ਦਾ ਬੇਹਦ ਅਫਸੋਸ ਹੈ ਕਿ ਮੈਂ ਆਪ ਦੇ ਕਸ਼ਟ ਦਾ ਕਾਰਨ ਬਣਿਆ।

ਸਾਫ ਮਨੋਂ ਗਲਤੀਆਂ ਨੂੰ ਸਵੀਕਾਰ ਕਰ ਲੈਣ ਛੋਟ ਹੋਣਾ ਹਰਗਿਜ਼ ਨਹੀਂ ਹੈ। ਗਲਤੀ ਮੰਨ ਲੈਣ ਜਾਂ ਮੁਆਫੀ ਮੰਗ ਲੈਣਾ ਟੁੱਟੇ ਰਿਸ਼ਤਿਆਂ ਨੂੰ ਸਿਰਫ ਜੋੜਦਾ ਹੀ ਨਹੀਂ, ਉਨ੍ਹਾਂ ਨੂੰ ਹੋਰ ਵੀ ਪਕਰੋੜ ਬਨਾਉਂਦਾ ਹੈ। ਲੋਕ ਅਜਿਹੇ ਵਿਅਕਤੀ ਦੀ ਤਾਰੀਫ ਕਰਦੇ ਹਨ, ਕਿ ਉਹ ਆਪਣੀ ਗਲਤੀ ਮਨ ਲੈਣ ਵਿੱਚ ਕਦੀ ਪਿੱਛੇ ਨਹੀਂ ਰਹਿੰਦਾ। ਜੋ ਨਾ ਤਾਂ ਆਪ ਕਿਸੇ ਤੋਂ ਮੁਆਫੀ ਮੰਗ ਸਕਦਾ ਹੈ, ਅਤੇ ਨ ਕਿਸੇ ਦੂਜੇ ਨੂੰ ਮੁਆਫ ਕਰ ਸਕਦਾ ਹੈ, ਉਹ ਨਿਸ਼ਚੇ ਅਤਿ ਵਡਾ ਰੂਹਾਨੀ ਰੋਗੀ ਹੈ।

ਜੀਵਨ ਅਤੇ ਮੌਤ ਦੀ ਨਿਸ਼ਾਨੀ

ਜਦੋਂ ਕੋਈ ਤੁਹਾਡੀ ਧਰਮ ਦੀ ਜਿੰਦਗੀ ਦਾ ਵਿਰੋਧੀ ਜਨ (ਭਾਵੇਂ ਦੁਨਿਆਵੀ ਨਾਂ ਦੇ ਲਿਹਾਜ ਨਾਲ ਉਹ ਤੁਹਾਡੀ ਮਾਂ ਜਾ ਤੁਹਾਡਾ ਬਾਪ, ਜਾਂ ਤੁਹਡਾ ਸ਼ੌਹਰ ਜਾਂ ਤੁਹਾਡੀ ਬੀਵੀ ਆਦਿ ਵੀ ਕਿਉਂ ਨ ਹੋਵੇ) ਤੁਹਾਡੇ ਪਾਸ ਜੇ ਤੁਹਾਡੀ ਧਰਮ ਦੀ ਜਿੰਦਗੀ ਦੀ ਵਿਰੋਧਤਾ ਕਰੇ, ਤਾਂ ਬਸ਼ਰਤ ਰੂਹਾਨੀ ਜਿੰਦਗੀ ਰਖਣ ਦੇ, ਤੁਸੀਂ ਉਸ ਤੇ ਚੋਟ ਲਗਦਿਆਂ ਹੀ, ਉਸ ਸਚੇ ਜੋਸ਼ ਦਾ ਨਿਸ਼ਾਨ ਦੇਵੋ ਕਿ ਜਿਸ ਦਾ ਨਿਸ਼ਾਨ ਦੇਣਾ ਤੁਹਾਡੇ ਤੇ ਲਾਜ਼ਮੀ ਹੈ। ਅਤੇ ਆਪਣੇ ਅੰਦਰ ਅਜਿਹੀ ਰੂਹਾਨੀ ਤਾਕਤ ਪੈਦਾ ਕਰੋ ਕਿ ਕਦੀ ਵੀ ਦੁਨਿਆਂ ਪਰਸਤ ਤੁਹਾਡੀ ਰੂਹਾਨੀ ਜਿੰਦਗੀ ਦੇ ਵਿਰੁਧ ਕੋਈ ਨਾ ਪਾਕ ਤਜਵੀਜ਼ ਲੈ ਕੇ ਤੁਹਾਡੇ ਪਾਸ ਆਉਣ ਦੀ ਜੁਰਅਤ ਤਕ ਨ ਕਰ ਸਕੇ। ਜੇ ਕਦੀ ਕਰੇ ਵੀ ਤਾਂ ਤੁਸੀਂ ਸ਼ੇਰ ਵਰਗੀ ਬਹਾਦਰਾ ਨਾ ਅਤੇ ਮਹੀਬ ਆਵਾਜ਼ ਨਾਲ ਉਸ ਦੇ ਅਜਿਹੇ ਗਾਲਬ ਆਉ ਕਿ ਉਹ ਗਿੱਦੜ ਦੇ ਵਾਂਗ ਦੁਮ ਦੱਬਾਕੇ ਤੁਹਾਡੇ ਸਾਹਮਣੇ ਭਜਦਾ ਨਜਰ ਆਵੇ। ਨਾਪਾਕ ਤੇ ਕਮਜੋਰ ਔਰਤ ਨੂੰ ਹੀ ਲੋਕ ਜਿਆਦਾ ਛੇੜਣ ਦਾ ਹੌਸਲਾ ਕਰਦੇ ਹਨ। ਪਸ ਜੇ ਕਰ ਤੁਸੀਂ ਆਪਣੇ ਸਤਿ ਗੁਰੂ ਅਤੇ ਉਨ੍ਹਾਂ ਦੀ ਸਮਾਜ ਦੇ ਲਈ ਵਫਾਦਾਰ ਅਤੇ ਸਤੀ ਇਸਤਰੀ ਦੇ ਵਾਂਗ ਜਿੰਦਗੀ ਬਸਰ ਕਰੋ, ਤਾਂ ਫੇਰ, ਇਕ ਦੁਨੀਆਂ ਪਰਸਤ ਕੀ, ਹਜਾਰਾਂ ਦੁਨੀਆਂ ਪਰਸਤਾਂ ਦੀ ਅਕਠੀ ਤਾਕਤ ਵੀ, ਤੁਹਾਡੇ ਤਾਕਤ ਦੇ ਸਾਹਮਣੇ ਹੇਚ ਹੋਵੇਗੀ।

– ਦੇਵ ਆਤਮਾ

ਮੈਂ ਹੀ ਆਪਣੇ ਪਿਤਾ ਦਾ ਕਾਤਲ ਹਾਂ!

"ਮੈਂ ਹੀ ਆਪਣੇ ਪਿਤਾ ਦਾ ਕਾਤਲ ਹਾਂ।" ਇਹ ਸ਼ਬਦ ਦੇਵ-ਧਰਮ ਦੀ ਇਕ ਸਤਿਸੰਗ ਸਮੇਂ, ਰਾਜਸਥਾਨ ਵਿੱਚ ਕਿਸੇ ਨੇ ਉੱਚਰੇ ਸਨ। ਲੰਮੇ ਉੱਚੇ 45-50 ਸਾਲ ਦੇ, ਚੰਗੇ ਡੀਲ-ਡੌਲ ਵਾਲੇ ਇਕ ਭਦਰ ਜਨ ਅਜਿਹਾ ਕਹਿਣ ਲਈ ਮਜਬੂਰ ਹੋ ਰਹੇ ਸਨ।

ਕੋਈ 3-4 ਸਾਲ ਪਹਿਲਾਂ ਉਹ ਦੇਵ ਧਰਮ ਮਿਸ਼ਨ ਦੀ ਸੰਗਤ ਵਿੱਚ, ਪਹਿਲੋਂ ਪਹਿਲ ਆਏ ਸਨ। ਉਦੋਂ ਇਕ ਰਾਤ ਦੀ ਸਭਾ ਵਿੱਚ ਉਨ੍ਹਾਂ ਦਾ ਧਿਆਣ ਆਪਣੇ ਜੀਵਨ ਵਲ ਗਿਆ ਤੇ ਉਨ੍ਹਾਂ ਨੂੰ ਆਪਣਾ ਸ਼ਰਾਬ ਪੀਣਾ ਅਤੇ ਮਾਸ, ਅੰਡਾ ਖਾਣਾ, ਜੂਆ ਖੇਲਣਾ ਬਹੁਤ ਅੱਖਰਿਆ ਸੀ ਅਤੇ ਘ੍ਰਿਨਤ ਬੋਧ ਹੋਇਆ ਸੀ। ਉਸ ਸਮੇਂ ਉਸ ਸਭਾ ਦਾ ਉਨ੍ਹਾਂ ਤੇ ਏਨਾ ਜੋਰਦਾਰ ਅਸਰ ਹੋਇਆ ਕਿ ਉਹ ਉਸੇ ਸਮੇਂ ਤੋਂ, ਆਪਣੀ ਸ਼ਰਾਬ ਪੀਣ, ਅਤੇ ਮਾਂਸ ਅੰਡੇ ਖਾਣ ਅਤੇ ਜੂਆ ਖੇਡਣ ਦੀ ਨਿੱਤ ਦੀ ਆਦਤ ਨੂੰ ਤਲਾਂਜਲੀ ਦੇਣ ਲਈ, ਅੰਦਰੋਂ ਪੂਰੀ ਤਰ੍ਹਾਂ ਤਿਆਰ ਹੋ ਗਏ। ਇਸ ਬਹੁਤ ਸੁੰਦਰ ਅਤੇ ਜ਼ੋਰ ਦਾਰ ਤਬਦੀਲੀ ਦਾ ਸਵਾਏ ਉਨ੍ਹਾਂ ਤੋਂ ਕਿਸੇ ਹੋਰ ਨੂੰ ਪਤਾ ਨਹੀਂ ਸੀ। ਉਹ ਬਰਾਬਰ ਇਸ ਨਿਰਾਲੀ ਸੰਗਤ ਵਿੱਚ ਆਉਂਦੇ ਰਹੇ।

ਇਸ ਅਜਬ ਤਬਦੀਲੀ ਦਾ ਸਮਾਜ ਦੇ ਪ੍ਰਚਾਰਕਾਂ ਨੂੰ ਉਦੋਂ ਪਤਾ ਲਗਾ ਕਿ ਜਦ ਦੋ ਢਾਈ ਸਾਲ ਬਾਅਦ ਇਕ 45-48 ਸਾਲਾ ਇਸਤਰੀ ਨੇ, ਉਨ੍ਹਾਂ ਪਾਸ ਆਕੇ ਮਿਲਣ ਦੀ ਇੱਛਾ ਪਰਗੱਟ ਕੀਤੀ। ਉਹ ਆ ਕੇ ਭੂਮੀ ਤੇ ਫਰਸ਼ ਉਤੇ ਬੈਠ ਗਈ। ਉਨ੍ਹਾਂ ਨੂੰ ਕੁਰਸੀ ਤੇ ਬੈਠਣ ਲਈ ਬੇਨਤੀ ਕੀਤੀ ਗਈ ਤਾਂ ਉਨ੍ਹਾਂ ਨਾਂ ਕਰਦਿਆਂ ਕਿਹਾ ਕਿ ਮੈਂ ਤਾਂ ਏਥੇ ਆਪਦੇ ਚਰਨਾਂ ਵਿੱਚ ਬੈਠ ਕੇ ਹੀ ਤਰਿਪਤ ਹਾਂ, ਮੈਂ ਤਾਂ ਆਪਣੇ ਸਿਰ ਦੇ ਦੁਪੱਟੇ ਨਾਲ, ਜਾਂ ਆਪਣੇ ਬਾਲਾਂ ਨਾਲ ਤੁਹਾਡੇ ਕਮਰੇ ਵਿੱਚ ਪੋਚਾ ਦੇਣਾ ਚਾਹੁੰਦੀ ਹਾਂ (ਉਹ ਇਹ ਸੇਵਾ ਵੀ ਸੰਗਤ ਦੌਰਾਨ ਖੁਸ਼ੀ ਖੁਸ਼ੀ ਕਰਦੀਆਂ ਰਹੀਆਂ) ਤੁਸੀਂ ਤਾਂ ਸਾਡੇ ਲਈ ਰੱਬ, ਪ੍ਰਮਾਤਮਾ ਸਿੱਧ ਹੋਏ ਹੋ। ਮੇਰੀ ਸ਼ਾਦੀ ਦੀ 25-28 ਵਰਿਆਂ ਦੀ ਜਿੰਦਗੀ ਵਿੱਚ ਮੇਰੇ ਪਤੀ ਨੇ ਮੈਨੂੰ ਇਕ ਪੈਸਾ ਵੀ, ਬੱਚਿਆਂ ਲਈ ਜਾਂ ਘਰ ਚਲਾਉਣ ਲਈ ਨਹੀਂ ਦਿਤਾ ਸੀ। ਉਹ ਹਜਾਰਾਂ ਰੁਪਏ ਕਮਾਉਂਦੇ ਸਨ, ਸਾਰੇ ਦੇ ਸਾਰੇ ਉਹ ਆਪਣੀਆਂ ਨਸ਼ੇ, ਜੂਏ ਦੀਆਂ ਲਗੀਆਂ ਲਤਾਂ ਵਿੱਚ ਹੀ ਬਰਬਾਦ ਕਰਦੇ ਸਨ। ਕਦੇ ਇਕ ਕਪੜਾ ਆਦਿ ਵੀ ਉਨ੍ਹਾਂ ਕਦੀ ਘਰ ਲਈ ਨਹੀਂ ਲਿਆਂਦਾ। ਮੈਂ ਹੀ ਮੇਹਨਤ ਮਜ਼ਦੂਰੀ ਕਰ ਕਰਕੇ (ਰੋ ਰੋ ਕੇ) ਬੱਚੇ ਪਾਲੇ ਹਨ, ਪੜਾਏ ਹਨ। ਲੜਕੀ ਜਵਾਨ ਹੋ ਗਈ ਹੈ, ਉਨ੍ਹਾਂ ਨੂੰ ਕੋਈ ਫਿਕਰ ਨਹੀਂ ਸੀ। ਉਹ ਦੇਰ ਰਾਤ ਨੂੰ ਨਸ਼ੇ ਵਿੱਚ ਧੁੱਤ, ਆ ਕੇ ਚਾਰਪਈ ਦੇ ਉਤੇ ਡਿੱਗ ਪੈਂਦੇ ਸਨ। ਅਸੀਂ ਉਨ੍ਹਾਂ ਦੇ ਬੂਟ ਜੁਤੇ ਉਤਾਰ ਕੇ, ਉਨ੍ਹਾਂ ਨੂੰ ਸੁਆ ਦਿੰਦੇ ਸਾਂ। ਹੁਣ ਦੋ ਕੁ ਸਾਲ ਤੋਂ ਜਦ ਤੋਂ ਉਹ ਤੁਹਾਡੀ ਸੰਗਤ ਵਿੱਚ ਆਉਂਦੇ ਹਨ, ਉਹ ਸਭ ਆਦਤਾਂ ਛੱਡ ਦਿੱਤੀਆਂ ਹਨ, ਅਤੇ ਸਾਡੇ ਘਰ ਦਾ ਨਵਾਂ ਵਾਤਾਰਵਨ ਬਣ ਰਿਹਾ ਹੈ।

ਅੱਜ ਤਾਂ ਕਮਾਲ ਹੀ ਹੋ ਗਈ। ਅੱਜ ਉਹ ਸਭਾ (ਪਤੀ ਪਤਨੀ ਬ੍ਰਤ ਦੀ) ਸੁਣ ਕੇ ਜਦੋਂ ਆਏ, ਤਾਂ ਘਰ ਵਿੱਚ ਆ ਕੇ ਉਨ੍ਹਾਂ ਮੇਰੇ ਗਲੇ ਵਿੱਚ ਹਾਰ ਪਾਇਆ, ਅਤੇ ਬਹੁਤ ਦੁਖੀ ਤੇ ਭਰੇ ਦਿਲ ਨਾਲ ਮੈਂਥੋਂ ਮੁਆਫੀ ਮੰਗੀ, ਕਿ ਮੈਂ ਤੈਨੂੰ ਕਦੀ ਵੀ ਕੋਈ ਸੁਖ ਨਹੀਂ ਦਿੱਤਾ, ਦੁਖ ਹੀ ਦੁਖ ਦਿੱਤੇ ਹਨ। ਹੁਣ ਮੈਂ ਉਹ ਦੁਖ ਤੈਨੂੰ ਕਦੀ ਨਹੀਂ ਦੇਵਾਂਗਾ। ਫੇਰ ਉਨ੍ਹਾਂ ਮੈਨੂੰ ਮੇਰੇ ਲਈ ਸੂਟ ਦਾ ਸੁੰਦਰ ਕਪੜਾ ਤੇ ਖਾਣ ਲਈ ਫਲ ਮੇਵਿਆਂ ਦਾ ਲਫਾਫਾ ਜਿੰਦਗੀ ਵਿੱਚ ਪਹਿਲੀ ਵੇਰ ਫੜਾਇਆ, ਅਤੇ ਮੇਰੇ ਅੰਦਰੋਂ ਖੁਸ਼ੀ ਦੇ ਹੰਝੂਆਂ ਦਾ ਸੋਮਾਂ ਛਲਕ ਉਠਿਆ। ਇਹ ਸਵਰਗੀ ਦਰਿਸ਼ ਦੇਖ ਕੇ ਮੈਂ ਬੋਲ ਉਠੀ, ਕਿ ਮੈਨੂੰ ਸੂਟਾਂ ਦੀ, ਫਲਾਂ ਮੇਵਿਆਂ ਦੀ ਲੋੜ ਨਹੀਂ, ਬਸ ਇਕੋ ਬੇਨਤੀ ਹੈ ਕਿ ਤੁਸੀਂ ਪਹਿਲੋਂ ਵਰਗੇ ਫੇਰ ਨਾ ਬਣ ਜਾਇਓ। "ਮੈਂ ਅਜ ਇਸ

ਸਭ ਉਪਕਾਰ ਦਾ ਆਪ ਨੂੰ ਧੰਨਵਾਦ ਦੇਣ ਲਈ, ਮਜਬੂਰ ਹੋ ਗਈ ਹਾਂ।"

ਨਵੇਂ ਸਥਾਨ ਤੇ ਇਕ ਠੋਸ ਜੀਵਨ ਪਰਿਵਰਤਨ ਨੂੰ ਜਾਣ ਕੇ ਪਰਚਾਰਕ ਜਨਾਂ ਨੇ ਵੀ ਗੁਰੂ ਮਹਾਰਾਜ ਦੇ ਸ੍ਰੀ ਚਰਨਾਂ ਵਿੱਚ ਸਿਰ ਝੁਕਾਇਆ ਤੇ ਬਹਤ ਉਤਸਾਹ ਮਹਿਸੂਸ ਕੀਤੀ।

ਇਸ ਘੱਟਨਾ ਦੇ ਕੁਝ ਸਾਲ ਬਾਅਦ ਹੁਣ ਉਸੇ ਭਦਰ ਜਨ ਨੇ ਉਕਤ ਵਾਕ ਕਿ, "ਮੈਂ ਹੀ ਆਪਣੇ ਪਿਤਾ ਦਾ ਕਾਤਲ ਹਾਂ" ਕਹਿੰਦਿਆਂ ਦੱਸਿਆ ਕਿ ਮੇਰੇ ਪਿਤਾ ਜੀ ਇਕ ਬਹੁਤ ਹੀ ਨੇਕ, ਸਾਤਵਿਕ ਜੀਵਨ ਰਖਣ ਵਾਲੇ, ਸਾਧੂ ਸਭਾ ਵਾਲੇ ਵਿਅਕਤੀ ਸਨ। ਉਹ ਪੂਜਾ ਪਾਠ ਕਰਦੇ ਸਨ। ਹਰ ਪ੍ਰਕਾਰ ਦੀਆਂ ਬੁਰਾਈਆਂ ਨੂੰ ਨਫਰਤ ਕਰਦੇ ਸਨ। ਅਜਿਹੇ ਹੀ ਉਨ੍ਹਾਂ ਦੇ ਇਕ ਪੱਕੇ ਮਿੱਤਰ ਤੇ ਸੰਗੀ ਸਾਥੀ ਸਨ। ਉਨ੍ਹਾਂ ਦਾ ਆਪਸ ਵਿੱਚ ਪ੍ਰੇਮ ਬਹੁਤ ਸੀ। ਉਨ੍ਹਾਂ ਨੇ ਇਹ ਵੇਖ ਕੇ ਕਿ ਮਿੱਤਰ ਦੀ ਪੁਤਰੀ ਜਵਾਨ ਹੈ, ਮੇਰਾ ਪੁਤਰ ਜਵਾਨ ਹੈ, ਦੋਨਾਂ ਖੁਸ਼ੀ ਖੁਸ਼ੀ ਸਾਡੀ ਸ਼ਾਦੀ ਕਰ ਦਿੱਤੀ। ਮੈਂ ਸ਼ਾਦੀ ਸਮੇਂ ਤੋਂ ਹੀ ਬੁਰੀ ਸੰਗਤ ਵਿੱਚ ਪੈਕੇ, ਬੁਰਾਈਆਂ ਦਾ ਸ਼ਿਕਾਰ ਹੋ ਚੁਕਿਆ ਸੀ। ਉਨ੍ਹਾਂ ਬੁਰਾਈਆਂ ਵਿੱਚ ਵੱਧ ਰਿਹਾ ਸੀ। ਉਸ ਸਮੇਂ ਮੈਂ ਕਿਸੇ ਦੋ ਕੋਈ ਸੀਖ ਨਹੀਂ ਸੁਣਦਾ ਸੀ। ਅਤੇ ਨ ਹੀ ਮੈਨੂੰ ਆਪਣੇ ਵਡਿਆਂ ਦੇ ਸੁੱਖ ਦੁਖ ਦੀ ਕੋਈ ਪਰਵਾਹ ਸੀ। ਨ ਹੀ ਮੈਨੂੰ ਇਹ ਕੋਈ ਹੋਸ਼ ਸੀ ਕਿ ਮੈਂ ਕੋਈ ਆਾਪਣੇ ਵੱਡਿਆਂ, ਖਾਸ ਕਰ ਆਪਣੇ ਜਨਮ ਦਾਤਾ ਪਿਤਾ ਨੂੰ, ਜਾਂ ਉਨ੍ਹਾਂ ਦੀਆਂ ਸ਼ੁਭ ਭਾਵਣਾਵਾਂ ਨੂੰ ਠੇਸ ਪਹੁੰਚਾ ਰਿਹਾ ਹਾਂ, ਉਨ੍ਹਾਂ ਨੂੰ ਕੋਈ ਦੁੱਖ ਦੇ ਰਿਹਾ ਹਾਂ। ਮੇਰੀ ਬਿਰਤੀ ਕਠੋਰ ਹੋ ਗਈ ਸੀ, ਮੈਨੂੰ ਉਨ੍ਹਾਂ ਦੀਆਂ ਸੂਖਮ ਭਾਵਨਾਵਾਂ ਦੀ ਨ ਕੋਈ ਸੂਹ ਹੀ ਸੀ ਤੇ ਨ ਕੋਈ ਕਦਰ ਹੀ ਸੀ। ਮੈਂ ਅੰਨ੍ਹਾਂ ਧੁੱਤ ਹੋਕੇ ਸਾਲਾਂ ਦੇ ਸਾਲ, ਆਪਣੀਆਂ ਕਰਤੂਤਾਂ ਨਾਲ ਉਨ੍ਹਾਂ ਦੀਆਂ ਸੂਖਮ ਭਾਵਨਾਵਾਂ ਨੂੰ ਜ਼ਿਬਾਹ ਤੇ ਕਤਲ ਕਰਦਾ ਰਿਹਾ। ਇਸ ਨਾਲ ਉਨ੍ਹਾ ਨੂੰ ਗਹਿਰਾ ਸਦਮਾਂ ਪੁੱਜਾ। ਉਨ੍ਹਾਂ ਨੂੰ ਬਹੁਤ ਵੱਡ ਧੱਕਾ ਵਜਾ। ਉਹ ਡੂੰਗੇ ਡੀਪ੍ਰੈਸ਼ਣ ਦੇ ਸ਼ਿਕਾਰ ਹੋ ਗਏ। ਉਹਨਾਂ ਦੀ ਸੇਹਤ ਗਿਰਨ ਲੱਗ ਪਈ। ਮੇਰੇ ਅੰਦਰ ਕੋਈ ਸੁਧਾਰ ਨਾ ਆਇਆ। ਆਖਿਰ ਉਹ ਮੇਰੀ ਹੀ ਜਾਨ ਨੂੰ ਰੋਂਦੇ ਰੋਂਦੇ ਇਸ ਸੰਸਾਰ ਤੋਂ ਬੇ ਵਕਤੇ ਹੀ ਚਲ ਬਸੇ। ਹੁਨ ਏਸ ਸੰਗਤ 'ਚ ਮੈਨੂੰ ਹੋਸ਼ ਮਿਲ ਰਹੀ ਹੈ, ਕਿ ਮੈਂ ਉਨ੍ਹਾਂ ਨੂੰ ਅਸਹਿ ਦੁੱਖ ਪਹੁੰਚਾਇਆ ਹੈ। ਉਨ੍ਹਾਂ ਦੀਆਂ ਸੂਖਮ ਭਾਵਨਾਵਾਂ ਦਾ ਰਤਾ ਵੀ ਖਿਆਲ ਨ ਕੀਤਾ, ਉਨ੍ਹਾਂ ਨੂੰ ਦੁਖ ਤੇ ਦੁਖ ਪਹੁੰਚਾਉਂਦਾ ਰਿਹਾ, ਉਨ੍ਹਾਂ ਨੂੰ ਬਹੁਤ ਹੀ ਸਤਾਇਆ ਆਖਿਰ ਆਪਣੇ ਮੰਦੇ ਤੇ ਗੰਦੇ ਜੀਵਨ ਨਾਲ, ਪਿਤਾ ਨੂੰ ਮਾਰ ਕੇ ਹੀ ਛੱਡਿਆ। ਹਾਏ ਹੁਨ ਕੁਝ ਹੋ ਨਹੀਂ ਸਕਦਾ। ਗਿਆ ਵੇਲਾ ਹੱਥ ਨਹੀਂ ਆਉਂਦਾ। ਜੇ ਕਦੀ ਮੈਂ ਹੋਸ਼ ਵਿੱਚ ਆ ਜਾਂਦਾ, ਅਤੇ ਆਪਣੀਆਂ ਸਾਰੀਆਂ ਵਹਿਵਤਾਂ ਛੱਡ ਕੇ ਪਿਤਾ ਦੇ ਚਰਨੀ ਲਗ ਜਾਂਦਾ, ਤਾਂ ਮੈਨੂੰ ਯਕੀਨ ਹੈ ਕਿ ਉਹ ਮਿਰਗ -ਸ਼ਣੀਆਂ ਤੋਂ ਜਰੂਰ ਉੱਠ ਖੜੇ ਹੁੰਦੇ ਅਤੇ ਅੱਜ ਸਾਡੇ ਵਿਚਕਾਰ ਹੁੰਦੇ।

ਬੱਚੇ ਆਪਣੀਆਂ ਨੀਚ ਲਾਲਸਾਂ ਦੇ ਸ਼ਿਕਾਰ ਹੋ ਹੋ ਕੇ ਕਿਸ ਪ੍ਰਕਾਰ ਆਪਣੇ ਜਨਮ ਦਾਤਾਵਾਂ ਦੇ ਅਸਹਿ ਦੁੱਖ ਤੇ ਯਾਤਨਾਂ ਦਾ ਕਾਰਨ ਬਣ ਜਾਂਦੇ ਹਨ। ਉਹ ਹੋਸ਼ ਵੀ, ਬੇ-ਸੁੱਧ ਬੱਚਿਆਂ ਨੂੰ ਪਰਮ ਪੂਜਨੀਅ ਭਗਵਾਨ ਦੇ ਅਦੁਤੀ ਅਸਰ ਪਰਦਾਨ ਕਰਦੇ ਹਨ, ਜੋ ਕੋਈ ਵੀ ਹੋਰ ਵਿਅਕਤੀ ਜਾਂ ਸ਼ੈ ਇਸ ਸੰਸਾਰਾ ਵਿੱਚ ਪਰਦਾਨ ਨਹੀਂ ਕਰ ਸਕਦੀ।

ਧੰਨ ਧੰਨ ਮੇਰਾ ਸਤਿਗੁਰੂ ਜੋ ਕਾਗੋ ਹੰਸ ਕਰੇ

ਜਿਸ ਜਨ ਅੰਦਰ ਨੀਚ ਸ਼ਕਤੀਆਂ ਦਾ ਅਧਿਕਾਰ ਜਿੰਨਾਂ ਵਧੇਰੇ ਹੁੰਦਾ ਹੈ, ਉਨਾਂ ਹੀ ਉਹ ਵਧੇਰੇ ਦੂਜਿਆਂ ਦੇ ਨਾਲ ਹਾਨੀ ਕਾਰਕ ਅਨਮੇਲ ਦੀ ਹਾਲਤ ਵਿੱਚ ਰਹਿੰਦਾ ਹੈ।

— ਦੇਵ-ਆਤਮਾ

ਵਿਦੇਸ਼ ਤੋਂ ਇਕ ਧਰਮ ਸਬੰਧੀ ਲਿਖਦੇ ਹਨ

ਮੇਰੇ ਬਹੁਤ ਬਹੁਤ ਸ਼ਰਧਾ ਦੇ ਜੋਗ ਉਪਕਾਰੀ ਸ੍ਰੀਮਾਨ ਜੀ ਅਤੇ ਭੈਣ ਸੁਰਜੀਤ ਜੀ!

ਸਤਿ ਦੇਵ ਕੀ ਜੈ! ਆਪ ਦਾ ਪਤਰ ਮਿਲਿਆ ਉਸ ਦੇ ਲਈ ਬਹੁਤ ਬਹੁਤ ਧੰਨਵਾਦ। ਮੇਰੀ ਜਾਦਦਾਸ਼ਤ ਚੰਗੀ ਨਹੀਂ ਹੈ। ਬਚਪਣ ਦੀਆਂ ਬਹੁਤੀਆਂ ਗਲਾਂ ਮੈਨੂੰ ਯਾਦ ਨਹੀਂ ਹਨ। ਕ੍ਰਿਪਾ ਕਰਕੇ ਲਿਖ ਸਕੋ ਤਾਂ ਲਿਖਣ ਦਾ ਕਸ਼ਟ ਕਰਨਾ ਕਿ ਆਪਾਂ ਪ੍ਰਹਲੇ ਵਿਖੇ ਜਾਂ ਮੋਗੇ ਕਿੱਥੇ ਅਕੱਠੇ ਹੋਏ ਸੀ। ਅਤੇ ਜੇ ਕਰ ਤੁਸੀਂ ਮੇਰੇ ਪਰਲੋਕ ਵਾਸੀ ਭਾਈ ਬਲਬੀਰ ਜੀ ਬਾਰੇ ਕੁਝ ਲਿਖਣ ਦਾ ਕਸ਼ਟ ਕਰ ਸਕੋ ਤਾਂ ਬਹੁਤ ਹੀ ਕ੍ਰਿਪਾ ਹੋਵੇਗੀ।

ਭਾਈ ਬਲਵੰਤ ਜੀ ਦਾ ਦਿਲ ਬਹੁਤ ਕਿਰਤਗਤਾ ਨਾਲ ਸ਼ਰਾਬੋਰ ਹੈ। ਏਸੇ ਲਈ ਉਨ੍ਹਾਂ ਨੇ ਉਪਕਾਰੀ ਦੇਵ ਸਮਾਜ ਸਕੂਲ ਮੋਗਾ ਵਿੱਚ ਆਪਣੇ ਵਲੋਂ ਅਤੇ ਆਪਣੇ ਸੁਸਰਾਲ ਵੱਲੋਂ 5-6 ਕਮਰੇ ਬਣਵਾ ਕੇ ਦਿੱਤੇ ਹਨ। ਗਰਲਜ਼ ਸਕੂਲ ਲਈ ਵੀ ਦੋ ਕਮਰੇ ਬਣਵਾ ਚੁੱਕੇ ਹਨ। ਇਕ ਕਮਰਾ ਹੋਰ ਬਣਵਾਉਣ ਦਾ ਵਾਅਦਾ ਕਰ ਆਏ ਹਨ। ਉਪਕਾਰੀ ਦੇਵ ਸਮਾਜ ਦੇ ਉਹ ਆਪਣੇ ਆਪ ਨੂੰ ਬਹੁਤ ਰਿਣੀ ਮਹਿਸੂਸ ਕਰਦੇ ਹਨ। ਵਿਸ਼ੇਸ਼ ਸ਼ਰਧਾ ਦੇ ਜੋਗ ਸ਼ਰਧੇ ਸ੍ਰੀਮਾਨ ਈਸ਼ਵਰ ਸਿੰਘ ਜੀ ਲਈ ਉਹ ਬਹੁਤ ਸ਼ਰਧਾ ਰਖਦੇ ਹਨ। ਸ਼ਰਧੇ ਸ੍ਰੀਮਾਨ ਮਨੋਹਰ ਲਾਲ ਜੀ, ਸ਼ਰਧੇ ਸ੍ਰੀਮਾਨ ਨੌਧ ਸਿੰਘ ਜੀ ਲਈ ਅਤੇ ਸਾਡੇ ਜੀਜਾ ਜੀ (ਸ੍ਰੀਮਾਨ ਸ਼ਿਵ ਨੰਦ ਜੀ) ਲਈ ਖਾਸ ਸ਼ਰਧਾ ਰਖਦੇ ਹਨ। ਕਾਸ਼! ਉਨ੍ਹਾਂ ਵਰਗੀ ਸ਼ਰਧਾ ਤੇ ਕਿਰਤਗਤਾ ਮੇਰੇ ਅੰਦਰ ਹੁੰਦੀ ਤਾਂ ਮੈਂ ਇਸ ਪ੍ਰਕਾਰ ਪਥ ਭ੍ਰਸ਼ਟ ਨ ਹੋਇਆ ਹੁੰਦਾ। 1958 ਵਿੱਚ ਮੈਂ ਇਕ ਠੀਕ ਕਦਮ ਚੁੱਕਿਆ ਸੀ, ਪਰ ਅਫਸੋਸ ਛੇਤੀ ਹੀ ਅਹੰ ਦਾ ਸ਼ਿਕਾਰ ਹੋ ਕੇ ਦੁਨੀਆਂ ਪ੍ਰਸਤੀ ਦੀ ਰਾਹ ਫੜ ਲਈ।

ਸਮਾਜਕ ਪਤਰਕਾਵਾਂ ਮੇਰੇ ਪਾਸ ਆਉਂਦੀਆਂ ਹਨ, ਅਤੇ ਸਾਧਨ ਭਜਨ ਵੀ ਹਰ ਰੋਜ਼ ਕਰਦਾ ਰਹਿੰਦਾ ਹਾਂ। ਕੁਝ ਆਪ ਜੀ ਵਰਗੇ ਉੱਚ ਧਰਮ ਸਬੰਧੀਆਂ ਅਤੇ ਵੱਡੇ ਭੈਣ ਜੀ ਦੇ ਪਤਰਾਂ ਦਾ ਬਹੁਤ ਸਹਾਰਾ ਹੈ। ਕੋਸ਼ਿਸ਼ ਕਰਦਾ ਰਹਿੰਦਾ ਹਾਂ ਕਿ ਸਦਾ ਗੁਰੂ ਜੀ ਵਲ ਮੂੰਹ ਰਹੇ। ਅਤੇ ਨਿਰਾਲੀ ਸਮਾਜ ਦੀ ਸਿਖਿਆ ਅਨੁਸਾਰ ਆਪਣੇ ਜੀਵਨ ਨੂੰ ਚਲਾ ਸਕਾਂ। ਗਰਿਸਤ ਵਿੱਚ, ਉਪਕਾਰ ਸਿਮਰਣ, ਗੁਣ-ਚਿੰਤਨ ਅਤੇ **"Thy need is greater than mine"** ਤੋਂ ਬਹੁਤ ਲਾਭ ਹੁੰਦਾ ਹੈ। ਏਥੇ ਸ਼੍ਰੀਮਤੀ ਜੀ ਦੇ ਸੇਵਾਕਾਰੀ ਜੀਵਨ, ਅਤੇ ਪੁੱਤਰ ਅਤੇ ਨੂੰਹ ਰਾਣੀ ਦੇ **Plus point** ਨੂੰ ਦੇਖ ਕੇ ਦਿਲ ਖੁਸ਼ ਰਹਿੰਦਾ ਹੈ। **Try** ਕਰਦਾ ਹਾਂ ਕਿ **Negative side** ਦੀ ਚਿੰਤਾ ਵੀ ਨ ਚਲੇ।

ਪਰਮ ਪੂਜਨੀਅ ਭਗਵਾਨ ਦੇਵ ਆਤਮਾ ਜੀ ਨੇ, ਅਦੁੱਤੀ ਤਿਆਗ ਕਰਕੇ ਅਪਣਾ ਸਰਵਸ ਦਾਓ ਤੇ ਲਾ ਕੇ, ਸਾਨੂੰ ਵਿਗਿਆਨ ਮੂਲਕ ਸਤਿ ਧਰਮ ਪਰਦਾਨ ਕਰਨ ਦੀ ਜੋ ਕਿਰਪਾ ਕੀਤੀ ਹੈ, ਉਸ ਦੇ ਲਈ, ਉਨ੍ਹਾਂ ਨੂੰ ਹਰ ਰੋਜ ਕੋਟੀ ਕੋਟੀ ਧੰਨਵਾਦ ਦਿੰਦਾ ਹਾਂ। ਐਪਰ ਸ਼ੋਕ ਮਹਾਂ ਸ਼ੋਕ, ਇਹ ਦੇਖ ਕੇ ਦਿਲ ਤੜਪ ਉਠਦਾ ਹੈ ਕਿ 8-10 ਕਰਮਚਾਰੀਆਂ ਦੇ ਪਿੱਛੋਂ ਸਮਾਜ ਦਾ ਕੀ ਬਣੇਗਾ? ਆਪ, ਸੁਰਜੀਤ ਭੈਣ ਜੀ ਅਤੇ ਡਾ. ਵਿਨੋਧ ਖੇੜਾ ਜੀ ਤੇ ਦੂਜੇ ਸਾਥੀਆਂ ਬਾਅਦ ਦੇਵ ਧਰਮ ਦਾ ਕੀ ਬਣੇਗਾ? ਏਵੇਂ ਹੀ ਦੂਜੇ ਪਾਸੇ ਦੁਖ ਬਹੁਤ ਹੈ, ਐਪਰ ਆਪਣੀਆਂ ਅਜੋਗਤਾਵਾਂ ਅਤੇ ਹੁਣ 70 ਦੇ ਨੇੜੇ ਉਮਰ, ਕੁਝ ਕਰਨ ਨਹੀਂ ਦਿੰਦੀ।

ਏਥੇ ਸਾਡੇ ਘਰ ਦੇ ਕੋਲ ਸੁਸ਼ੀਲ ਬੇਟੇ ਦੇ ਮਿੱਤਰ ਦੇ ਮਾਤਾ ਪਿਤਾ ਆਏ ਹੋਏ ਸਨ। ਉਹ 9 ਅਕਤੂਬਰ ਨੂੰ ਵਾਪਸ ਗਏ ਸਨ। ਮੈਂ ਉਨ੍ਹਾਂ ਨੂੰ ਆਪ ਜੀ ਦੀਆਂ ਪਤਰਕਾਵਾਂ ਪੜ੍ਹਣ ਨੂੰ ਦਿੰਦਾ ਰਹਿੰਦਾ ਸੀ। ਉਨ੍ਹਾਂ ਦਾ ਕੁਝ ਇੰਟਰੈਸਟ ਦੇਖ ਕੇ, ਪਰਾਰਥਨਾਂ ਹੈ ਕਿ ਆਪ ਉਨ੍ਹਾਂ ਨੂੰ ਆਪਣੀਆਂ ਪਤਰਕਾਵਾਂ ਭੇਜਨਾ ਸ਼ੁਰੂ ਕਰ ਦਿਓ। ਉਨ੍ਹਾਂ ਨੂੰ ਮਹੋਤਸਵ ਉਤੇ ਵੀ ਬੁਲਾਉਣ ਦੀ ਕ੍ਰਿਪਾ ਕਰਨਾ। ਕਲਿਆਣ ਦੇ ਖਾਸ ਸਤਿਸੰਗ ਤੇ ਵੀ ਉਨ੍ਹਾਂ ਨੂੰ ਬੁਲਾਉਣ ਦੀ ਕਿਰਪਾ ਕਰਨਾ ਜੀ। ਉਹ ਸਰਸੇ ਵਾਲੇ ਸੱਚੇ ਸੌਦੇ ਵਾਲੇ ਸਤਸੰਗ ਵਿੱਚ ਜਾਂਦੇ

ਹਨ। ਉਹ ਬਹੁਤਾ ਪੜ੍ਹੇ ਲਿਖੇ ਤਾਂ ਨਹੀਂ ਐਪਰ ਉਨ੍ਹਾਂ ਦਾ ਦਿਲ ਚੰਗਾ ਹੈ ਤੇ ਬਹੁਤ ਸੋਸ਼ਲ ਹਨ।

ਆਪ ਜੀ ਦੀ ਲੰਮੀ ਉਮਰ ਲਈ ਸ਼ੁਭ ਕਾਮਨਾ ਕਰਦਾ ਹਾਂ। ਆਪ ਜਿਸ ਉਤਸਾਹ ਨਾਲ, ਲਗਨ ਨਾਲ ਸਿਰ ਧੜ ਦੀ ਬਾਜ਼ੀ ਲਾ ਕੇ ਗੁਰੂ ਮਹਾਰਾਜਾ ਦਾ ਕਾਰਜ ਚਲਾ ਰਹੇ ਹੋ ਉਸ ਦੇ ਲਈ ਆਪ ਜੀ ਦੇ ਅੱਗੇ ਨਤਮਸਤਕ ਹਾਂ।

ਸ਼ਰਧੇ ਬਲ ਬਹਾਦਰ ਜੀ ਨੂੰ ਸਤਿ ਦੇਵ ਕੀ ਜੈ ਕਹਿਣ ਦਾ ਕਸ਼ਟ ਕਰਨਾ। ਉਨ੍ਹਾਂ ਦੇ ਵਿਸ਼ੇਸ਼ ਜੀਵਨ ਦੇ ਲਈ ਵੀ ਮੇਰੇ ਅੰਦਰ ਬਹੁਤ ਸਨਮਾਨ ਹੈ।

ਕਿਰਪਾ ਕਰਕੇ ..... ਜੀ ਦੇ ਹੱਥ "ਕਹਾਂ ਗਏ ਓਹ ਲੋਕ" ਅਤੇ ਆਪ ਦੁਆਰਾ ਛਾਪੀਆਂ ਪੁਸਤਕਾਂ ਅਤੇ ਮਹੋਤਸਵ ਦੀ ਕੈਸੇਟ ਅਤੇ ਇਕ ਦੋ ਭਜਨਾਂ ਦੀਆਂ ਕੈਸਟਾਂ ਭੇਜਨ ਦਾ ਕਸ਼ਟ ਕਰਨਾ।

ਆਪ ਦਾ ਉਪਕ੍ਰਿਤ, ਤੁੱਛ ਬਸੰਤ ਲਾਲ

ਪ੍ਰਕ੍ਰਿਤੀ ਦੀ ਸਭ ਤੋਂ ਚੰਗੀ ਦਵਾਈ

ਆਦਮੀ ਇੱਕ ਅਦਭੁਤ ਜਾਨਵਰ ਹੈ, ਇਹਨਾਂ ਵਿਚੋ ਕਈ ਆਪਣੇ ਜ਼ਖ਼ਮਾਂ ਨੂੰ ਸਹਿਲਾਕੇ ਖੁਸ਼ ਹੁੰਦੇ ਹਨ। ਕਿਵੇਂ? ਅਸੀਂ ਸਾਰੇ ਜਾਣਦੇ ਹਾਂ ਕਿ ਹੱਸਣ ਨਾਲ ਤਨਾਉ ਖਤਮ ਹੁੰਦਾ ਹੈ, ਅਸੀਂ ਫਿਰ ਭੀ ਜਾਣਦੇ ਹਾਂ ਕਿ ਹਾਸੇ ਤੋਂ ਸਸਤੀ ਤੇ ਆਸਾਨੀ ਨਾਲ ਮਿਲਣ ਵਾਲੀ ਕੋਈ ਚੀਜ਼ ਨਹੀਂ ਹੈ। ਫੇਰ ਭੀ ਇਹ ਜਾਣਦੇ ਹੋਏ ਕਿ ਤਨਾਉ ਸਾਡੇ ਲਈ ਨੁਕਸਾਨ ਦੇਹ ਹੈ, ਅਸੀਂ ਤਨਾਉ ਪੈਦਾ ਕਰਣ ਵਾਲੇ ਤੱਤਾਂ ਨੂੰ ਹੀ ਪਹਿਲ ਦਿੰਦੇ ਹਾਂ। ਦਿਮਾਗ ਅਤੇ ਸਰੀਰ ਦਾ ਗਹਿਰਾ ਸੰਬੰਧ ਹੈ। ਦਿਮਾਗ ਸਰੀਰ ਨੂੰ ਚੰਗਾ ਯਾ ਬਿਮਾਰ ਬਣਾ ਸਕਦਾ ਹੈ। ਉਹੇ ਖੁਦ ਸਾਡੇ ਉੱਤੇ ਨਿਰਭਰ ਹੈ, ਦਿਮਾਗ ਹਾਸਾ ਯਾ ਤਨਾਉ ਪੈਦਾ ਕਰ ਸਕਦਾ ਹੈ।

ਹੱਸਣਾ ਪ੍ਰਕ੍ਰਿਤੀ ਦੀ ਸਭ ਤੋਂ ਚੰਗੀ ਦੁਆਈ ਹੈ। ਹੱਸਣ ਨਾਲ ਮਨੁੱਖ ਅੰਦਰੋਂ ਖੁਸ਼ ਹੋ ਜਾਂਦਾ ਹੈ। ਅਸੀਂ ਸਭ ਤਰਫੋਂ ਚੰਗਾ ਮਹਿਸੂਸ ਕਰਦੇ ਹਾਂ। ਹੱਸਿਆ ਕਿਵੇਂ ਜਾਵੇ!

ਦਿਲਚਸਪ ਕਿਤਾਬਾਂ ਪੜ੍ਹੋ, ਮਜ਼ਾਕ ਕਰਣ ਵਾਲੇ ਲੋਕਾਂ ਨਾਲ ਮਿਲੀਏ। ਚਾਰਲੀ ਚੈਪਲਿਨ ਤੋਂ ਸ਼ੁਰੂ ਕਰੋ। ਚੰਗੇ ਚੁਟਕਲੇ ਸੁਣੋਂ, ਇਨਾਂ ਵਿੱਚ ਕਈ ਹੁਸਾਉਣ ਵਾਲੇ ਹੁੰਦੇ ਹਨ ਤੇ ਤਨਾਉ ਘੱਟ ਕਰਦੇ ਹਨ। ਕੋਸ਼ਿਸ਼ ਕਰਦੇ ਰਹੋ, ਹੱਸਣ ਦੀ ਪੁਰਜੋਰ ਕੋਸ਼ਿਸ਼ ਕਰਦੇ ਰਹੋ। ਉਨ੍ਹਾਂ ਇਸਤਰੀ ਪੁਰਖਾਂ ਨਾਲ ਨਾ ਰਹੋ, ਜੋ ਨਾਂ ਹੱਸ ਸਕਦੇ ਹਨ, ਨਾਂ ਹਸਾ ਸਕਦੇ ਹੋਣ ਅਤੇ ਨਾਂ ਕਦੇ ਹੱਸਣਗੇ। ਕਦੇ ਅਜਿਹਾ ਮਜਾਕ ਨਾ ਕਰੋ, ਜੋ ਤੁਸੀਂ ਖੁਦ ਸਹਿਨ ਨਹੀਂ ਕਰ ਸਕਦੇ, ਤਾਂ ਹੀ ਤੁਸੀਂ ਦੂਜੇ ਲੋਕਾਂ ਤੋਂ ਇਹ ਆਸ ਰੱਖ ਸਕਦੇ ਹੋ, ਕਿ ਉਹ ਤੁਹਾਨੂੰ ਅਜਿਹੇ ਚੁਟਕਲੇ ਸੁਨਾਉਣਗੇ ਜੋ ਤੁਹਾਨੂੰ ਅਤੇ ਉਨ੍ਹਾਂ ਨੂੰ ਹਸਾਉਣਗੇ। ਹੱਸਣਾ ਇੱਕ ਛੂਤ ਦੇ ਰੋਗਾ ਦੀ ਤਰ੍ਹਾਂ ਹੈ ਫੇਰ ਭੀ 86% ਲੋਕੀ ਹੱਸਣ ਦੇ ਤਰੀਕਿਆ ਨੂੰ ਕਿਉਂ ਨਹੀਂ ਅਪਨਾਉਂਦੇ ਅਤੇ ਤਨਾਉ ਨੂੰ ਕਿਉਂ ਘੱਟ ਨਹੀਂ ਕਰਦੇ? ਖੁਸ਼ੀ ਅਤੇ ਹੱਸਣਾ ਇੱਕ ਧਰਮ ਦੀ ਤਰ੍ਹਾਂ ਹੈ, ਪਰ ਧਰਮਚਾਰੀਆਂ ਵਿੱਚ ਭੀ ਕੋਈ ਕੋਈ ਜਨ ਅਜਿਹਾ ਹੁੰਦਾ ਹੈ, ਜੋ ਇੱਕ ਤਰਫ ਧਰਮ ਦੇ ਉਪਦੇਸ਼ ਦੇ ਸਕਦਾ ਹੈ, ਦੂਜੀ ਤਰਫ ਜੀਵਨ ਦੀਆਂ ਚੰਗੀਆਂ ਚੀਜਾਂ ਦਾ ਆਨੰਦ ਲੈ ਸਕਦਾ ਹੈ।

ਹੱਸਣਾ ਭੀ ਇੱਕ ਪ੍ਰਾਰਥਨਾ ਹੈ, ਜੇ ਤੁਸੀਂ ਹੱਸ ਸਕਦੇ ਹੋ ਤਾਂ ਤੁਸੀਂ ਪ੍ਰਾਰਥਨਾ ਕਰਨਾ ਸਿੱਖ ਲਿਆ। ਸੰਜੀਦਾ ਨਾਂ ਹੋਵੋ, ਸੰਜੀਦਗੀ ਨਾਲ ਹੀ ਧਰਮ ਨਹੀਂ ਆਉਂਦਾ। ਕਿਸੇ ਨੇ ਕਿਹਾ ਹੈ, "ਮੈਂ ਸੰਜੀਦਾ ਰੁੱਖ ਨਹੀਂ ਵੇਖਿਆ, ਮੈਂ ਸੰਜੀਦਗੀ ਨਾਲ ਸੂਰਜ ਚੜ੍ਹਦਾ ਨਹੀਂ ਵੇਖਿਆ, ਮੈਂ ਤਾਰਿਆਂ ਨੂੰ ਪੂਰੀ ਸੰਜੀਦਾ ਰਾਤ ਵਿੱਚ ਨਹੀਂ ਵੇਖਿਆ, ਸੰਜੀਦਗੀ ਇੱਕ ਬਿਮਾਰੀ ਹੈ। ਅਧਿਆਤਮਿਕਤਾ ਦੇ ਨਾਲ ਖੁਲ੍ਹਕੇ ਹੱਸਣਾ ਮਜੇ ਦਾ ਮਾਰਗ ਹੈ।

Regd. Postal No.Pb (0049s) 2003
Regd. with Registrar News Paper No. 72258/88

ਸਨ 2005 ਦੇ ਦਵ ਧਰਮ ਦੇ ਤਿਉਹਾਰ

1.	ਮਾਤਾ ਪਿਤਾ ਅਤੇ ਸੰਤਾਨ ਦੇ ਸਬੰਧ ਵਿੱਚ	29 ਜਨਵਰੀ ਸ਼ਨਿਚਵਾਰ
2	ਭਾਈ ਭੈਣਾਂ ਦੇ ਸਬੰਧ ਵਿੱਚ	13 ਫਰਵਰੀ ਐਤਵਾਰ
3.	ਦੇਵ ਧਰਮ ਮਿਸ਼ਨ ਦੇ ਸਬੰਧ ਵਿੱਚ	5,6 ਮਾਰਚ ਸ਼ਨਿਚਰਵਾਰ, ਐਤਵਾਰ
4.	ਪਤੀ ਪਤਨੀ ਦੇ ਸਬੰਧ ਵਿੱਚ	25 ਮਾਰਚ ਸ਼ੁਕਰਵਾਰ (ਹੋਲੀ)
5.	ਵਣਸਪਤੀ ਜਗਤ ਦੇ ਸਬੰਧ ਵਿੱਚ	9 ਅਪ੍ਰੈਲ ਸ਼ਨਿਚਰਵਾਰ
6.	ਨੌਕਰ ਮਾਲਕ ਦੇ ਸਬੰਧ ਵਿੱਚ	25 ਅਪ੍ਰੈਲ ਸੋਮਵਾਰ
7.	ਵੰਸ਼ੀ ਜਨਾਂ ਦੇ ਸਬੰਧ ਵਿੱਚ	22 ਮਈ ਐਤਵਾਰ
8.	ਆਪਣੇ ਦੇਸ਼ ਦੇ ਸਬੰਧ ਵਿੱਚ	18 ਜੂਨ ਸ਼ਨਿਚਰਵਾਰ
9.	ਸਾਥੀ ਸੇਵਕਾਂ ਦੇ ਸਬੰਧ ਵਿੱਚ	20, 21 ਜੁਲਾਈ ਬੁੱਧਵਾਰ, ਵੀਰਵਾਰ
10.	ਆਪਣੇ ਅਸਤਿੱਤ ਦੇ ਸਬੰਧ ਵਿੱਚ	18, 19 ਅਗਸਤ ਵੀਰਵਾਰ, ਸ਼ੁਕਰਵਾਰ (ਰਾਖੀ)
11.	ਪਸ਼ੂ ਜਗਤ ਦੇ ਸਬੰਧ ਵਿੱਚ	11 ਸਤੰਬਰ ਐਤਵਾਰ
12.	ਪਰਲੋਕ ਦੇ ਸਬੰਧ ਵਿੱਚ	3 ਅਕਤੂਬਰ ਸੋਮਵਾਰ
13.	ਆਪਣੀ ਜਾਤੀ ਦੇ ਸਬੰਧ ਵਿੱਚ	12 ਅਕਤੂਬਰ ਬੁੱਧਵਾਰ (ਦੁਸਹਿਰਾ)
14.	ਭੌਤਕ ਜਗਤ ਦੇ ਸਬੰਧ ਵਿੱਚ	1 ਨਵੰਬਰ ਮੰਗਲਵਾਰ (ਦੀਵਾਲੀ)
15.	ਮਨੁੱਖ ਮਾਤਰ ਦੇ ਸਬੰਧ ਵਿੱਚ	15 ਨਵੰਬਰ ਮੰਗਲਵਾਰ
16.	ਪਰਮ ਪੂਜਨੀਅ ਭਗਵਾਨ ਦੇਵ ਆਤਮਾ ਦੇ ਸਬੰਧ ਵਿੱਚ ਸ਼ੁਭ ਜਨਮ ਮਹੌਤਸਵ	14, 15, 16, 17 ਦਸੰਬਰ ਬੁੱਧਵਾਰ, ਵੀਰਵਾਰ, ਸ਼ੁਕਰਵਾਰ, ਸ਼ਨਿਚਰਵਾਰ, ਵਿਸ਼ੇਸ਼ ਦਿਨ 16 ਦਸਬੰਰ ਸ਼ੁਕਰਵਾਰ

ਨੋਟ : (1) ਪਰਮ ਪੂਜਨੀਅ ਭਗਵਾਨ ਦੇਵ ਆਤਮਾ ਦਾ ਸ਼ੁਭ ਜਨਮ ਦਿਨ 16 ਦਸਬੰਰ, 2005 ਈਸਵੀ ਸ਼ੁਕਰਵਾਰ ਦਾ ਹੈ।

(2) ਪਰਮ ਪੂਜਨੀਅ ਭਗਵਾਨ ਦੇਵ ਆਤਮਾ ਦੇ ਸਬੰਧ ਵਿੱਚ ਸਾਧਨਾਂ ਦੇ ਸਬੰਧ ਵਿੱਚ ਆਰੰਭਕ ਦਿਨ 16 ਨਵੰਬਰ ਬੁੱਧਵਾਰ ਨੂੰ ਹੈ।

-ਮੰਤਰੀ ਦੇਵ ਧਰਮ ਮਿਸ਼ਨ

Printer, Publisher & Owned By Shriman Baldev Singh, House No. 3154, Sector 21-D, Chandigarh,
ਮੰਤਰੀ-ਦੇਵ-ਧਰਮ-ਮਿਸ਼ਨ ਨੇ Surya Laser Den, Chandigarh ਤੋਂ ਛਪਵਾਇਆ ਹੈ, ਐਡੀਟਰ ਬਲਦੇਵ ਸਿੰਘ।

Book Post